ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

MONTHLY **SURA** LUDHIANA

## ਰਹਿਤ ਬਿਨਾ ਨਹਿ ਸਿਖ ਕਹਾਵੈ ॥



## ਰਹਿਤ ਬਿਨਾ ਦਰ ਚੋਟਾਂ ਖਾਵੈ ॥

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


| | |
|---|---|
| ੧ ਹਰਿ ਕੀਰਤਿ ਸਾਧਸੰਗਤਿ ਹੈ | ੧ |
| ੨. ਦਸਮ ਪਾਤਸ਼ਾਹ ਦੀ ਖੰਡੇ ਦੀ ਫਿਲਾਸਫ਼ੀ | ੪ |
| ੩. ਹੋਲੀ ਅਤੇ ਹੋਲਾ ਮਹੱਲਾ | ੬ |
| ੪. ਕਵਿਤਾਵਾਂ (ਬਾਦਸ਼ਾਹਪੁਰੀ) | ੧੦ |
| ੫. ਅਹੰਕਾਰ ਦੇ ਭਿੰਨ-ਭਿੰਨ ਰੂਪ | ੧੧ |
| ੬. ਗੁਰੂ ਮਰਿਆਦਾ ਤੇ ਇਸ ਦੀ ਲੋੜ | ੧੬ |
| ੭. ਸਿੱਖ ਇਤਿਹਾਸ ਵਿਚ ਔਰਤ ਦਾ ਸਥਾਨ-੨ | ੧੭ |
| ੮. ਕਵਿਤਾ (ਤੇਗ ਬਹਾਦਰ ਸਿੰਘ ਤੇਗ) | ੨੨ |
| ੯. Contemplation of Gurbani | ੨੩ |
| ੧੦. ਦਸਮ ਦੁਆਰ | ੨੬ |
| ੧੧. ਹੋਲਾ ਮਹੱਲਾ | ੩੦ |
| ੧੨. ਅੰਨ੍ਹੇ ਕੌਣ ਹਨ | ੩੩ |
| ੧੩. ਕਲਗੀਆਂ ਵਾਲੇ ਸਤਿਗੁਰੂ (ਕਵਿਤਾ) | ੩੪ |
| ੧੪. ਕਰਮ ਫਿਲਾਸਫ਼ੀ | ੩੫ |
| ੧੫. ਬਾਬਾਣੀਆਂ ਕਹਾਣੀਆ | ੪੦ |


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | | | |
|---|---|---|---|
| ਹੋਲਾ ਮਹੱਲਾ | ੩ ਮਾਰਚ | ਗੁਰੱਗਦੀ ਪਾ: ਸੱਤਵੀਂ | ੧੪ ਮਾਰਚ |
| ਮੇਲਾ ਡੇਰਾ ਬਾਬਾ ਨਾਨਕ | ੪ ਮਾਰਚ | ਗੁਰਗੱਦੀ ਪਾ: ਛੇਵੀਂ | ੧੯ ਮਾਰਚ |

## ਸੂਰਾ ਪੱਤਰ ਦੇ ਚੰਦਿਆਂ ਵਿਚ ਵਾਧਾ

'ਸੂਰਾ' ਮਾਸਿਕ ਪੱਤਰ ਪਿਛਲੇ ਕਾਫ਼ੀ ਸਮੇਂ ਤੋਂ ਗੁਰਮਤਿ ਪ੍ਰਚਾਰ ਨੂੰ ਮੁਖ ਰੱਖਦਿਆਂ ਲਾਗਤ ਕੀਮਤ ਤੋਂ ਕਾਫ਼ੀ ਘੱਟ ਭੇਟਾ ਤੇ ਸੰਗਤਾਂ ਨੂੰ ਭੇਜਿਆ ਜਾ ਰਿਹਾ ਹੈ। ਪਿਛਲੇ ਸਮੇਂ ਲਾਗਤਾਂ ਅਤੇ ਡਾਕ ਖਰਚ ਵੱਧ ਜਾਣ ਦੇ ਬਾਵਜੂਦ ਇਸ ਦਾ ਚੰਦਾ ਨਹੀਂ ਵਧਾਇਆ ਗਿਆ ਸੀ। ਹੁਣ ਮਾਇਕ ਔਕੜਾਂ ਨੂੰ ਮੁੱਖ ਰੱਖਦਿਆਂ ਮਜ਼ਬੂਰ ਹੋ ਕੇ ਸੂਰਾ ਪੱਤਰ ਦੇ ਚੰਦੇ ਵਧਾਉਣ ਦਾ ਫੈਸਲਾ ਲੈਣਾ ਪਿਆ ਹੈ। ਸੋ ਆਸ ਹੈ ਸਮੂਹ ਸੰਗਤਾਂ ਪਹਿਲਾਂ ਵਾਂਗ ਹੀ ਨਿੱਘਾ ਸਹਿਯੋਗ ਦੇ ਕੇ ਸੇਵਾਦਾਰਾਂ ਦਾ ਹੌਂਸਲਾ ਵਧਾਉਂਦੀਆਂ ਰਹਿਣਗੀਆਂ। ਸਾਰੇ ਸਰਕਲਾਂ ਦੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਉਹ ਹੇਠ ਲਿਖੇ ਨਵੇ ਚੰਦਿਆ ਅਨੁਸਾਰ ਹੀ ਨਵੇਂ ਪੱਤਰ ਬੁੱਕ ਕਰਨ।

### ਸੂਰਾ ਪੱਤਰ ਦੇ ਸੋਧੇ ਹੋਏ ਚੰਦੇ

| | ਦੇਸ | ਪ੍ਰਦੇਸ ਹਵਾਈ ਡਾਕ | ਸਮੁੰਦਰੀ ਡਾਕ |
|---|---|---|---|
| ਇਕ ਪਰਚਾ | 5ਰੁ: | | |
| ਸਾਲਾਨਾ | 40 ਰੁ: | 400 ਰੁ: | 140 ਰੁ: |
| ਅਮਾਨਤੀ ਲਾਈਫ਼ ਮੈਂਬਰ | 400ਰੁ: | 4000 ਰੁ: | 1400ਰੁ: |

ਚੈਕ/ ਡਰਾਫਟ ਆਦਿ ਸਿਰਫ਼ ਸੂਰਾ ਮੰਥਲੀ, ਲੁਧਿਆਣਾ ਦੇ ਨਾਂ ਹੀ ਕੱਟੇ ਜਾਣ। ਮਨੀਆਰਡਰ ਫਾਰਮਾਂ ਉਤੇ ਸੰਦੇਸ਼ ਵਾਲੀ ਥਾਂ ਆਪਣਾ ਪੂਰਾ ਪਤਾ ਅਤੇ ਮਾਇਆ ਭੇਜਣ ਦਾ ਮਨੋਰਥ ਜ਼ਰੂਰ ਲਿਖੋ ਜੀ।

ਹਰ ਤਰਾਂ ਦਾ ਚੰਦਾ ਜਾਂ ਹੋਰ ਚਿੱਠੀ ਪੱਤਰ ਹੇਠ ਲਿਖੇ ਪਤੇ ਤੇ ਭੇਜੋ ਜੀ :- ਸਬ-ਆਫ਼ਿਸ ਸੂਰਾ, ਗੁ: ਸ੍ਰੀ ਗੁਰੂ ਸਿੰਘ ਸਭਾ, ਨੇੜੇ ਡਾਕਖਾਨਾ ਮਾਡਲ ਟਾਊਨ ਲੁਧਿਆਣਾ।

ਜ਼ਰੂਰੀ ਨੋਟ :- ਦੇਸ ਵਿਦੇਸ ਦੇ ਅਮਾਨਤੀ ਲਾਈਫ਼ ਮੈਂਬਰਾਂ ਪ੍ਰਤੀ ਬੇਨਤੀ ਹੈ ਕਿ ਉਹ ਵਧੇ ਹੋਏ ਚੰਦਿਆਂ ਅਨੁਸਾਰ ਬਕਾਏ ਜਲਦੀ ਤੋਂ ਜਲਦੀ ਜਮਾਂ ਕਰਵਾਉਣ।

ਦਾਸਰਾ ਸੰਪਾਦਕ

## ਫ੍ਰੀ ਲਿਟਰੇਚਰ ਫੰਡ ਵਿੱਚ ਆਪਣਾ ਹਿੱਸਾ ਪਾਓ ਜੀ

ਗੁਰਮਤਿ ਪ੍ਰਚਾਰ ਨੂੰ ਮੁੱਖ ਰੱਖਦਿਆਂ ਫ੍ਰੀ ਲਿਟਰੇਚਰ ਫੰਡ ਵਿੱਚ ਆਪਣੀ ਕਮਾਈ ਦਾ ਦਸਵੰਧ ਜਮ੍ਹਾ ਕਰਵਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਨੋਟ :- ਮਾਇਆ ਸੂਰਾ ਦੇ ਸਬ-ਆਫ਼ਿਸ, ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ-੨ ਜਾਂ 'ਸੂਰਾ' ਦੇ ਕਿਸੇ ਵੀ ਸਟਾਲ 'ਤੇ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੇ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ, ਜਥੇ ਵਲੋਂ ੧੨-ਆਈ. ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ (ਇੰਡੀਆ), ਡੀ-93, ਬਲਾਕ-16 ਮਾਡਲ ਰੋਡ, ਲੁਧਿਆਣਾ ਫੋਨ : 543591


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।।

ਜਿਲਦ ੩੩
ਮਾਰਚ ੧੯੯੯
ਅੰਕ ੩

# ਸੂਰਾ

SURA MONTHLY

ਅਖੰਡ ਕੀਰਤਨੀ ਜੱਥੇ
ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

**ਸਾਲਾਨਾ ਚੰਦਾ** ਦੇਸ : 40.ਰੁ ਵਿਦੇਸ਼ :ਸਮੁੰਦਰੀ ਡਾਕ......140.ਰੁ ਹਵਾਈ ਡਾਕ........400ਰੁ

**ਅਮਾਨਤੀ ਲਾਈਫ ਮੈਂਬਰਸ਼ਿਪ** ਦੇਸ਼ 400 ਰੁ: ਵਿਦੇਸ਼ :ਸਮੁੰਦਰੀ ਡਾਕ...1400ਰੁ: ਹਵਾਈ ਡਾਕ.....4,000ਰੁ:

**ਚੰਦਾ ਭੇਜਣ ਦਾ ਪਤਾ** 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ - 141002 (ਇੱਕ ਕਾਪੀ .... 5.00)

Sura-Internet passward- WWW.SURA-INTERNATIONAL.COM

## ਹਰਿ ਕੀਰਤਿ ਸਾਧਸੰਗਤਿ ਹੈ

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ਰਹਾਉ॥
ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥
ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥੨॥
ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥੩॥
ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥
ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥੪॥
ਪੂਜਾ ਅਰਚਾ ਬੰਧਨ ਡੰਡਉਤ ਖਟੁ ਕਰਮਾ ਰਤੁ ਰਹਤਾ ॥
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥੫॥
ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥੬॥
ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥
ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥੭॥
ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥੮॥
ਤੇਰੋ ਸੇਵਕੁ ਇਹ ਰੰਗਿ ਮਾਤਾ ॥ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ
ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ ॥ਰਹਾਉ ਦੂਜਾ ॥੧॥੩॥

(ਸੋਰਠਿ ਮਹਲਾ ੫, ਘਰੁ ੨ ਅਸਟ:, ਪੰਨਾ ੬੪੧)



www.AKJ.Org

ਵਿਆਖਿਆ :- ਬੇਦਾਂ ਦਾ ਪਾਠ ਪੜ੍ਹਨ ਅਤੇ ਵੀਚਾਰਨ ਕਮਾਵਨ ਤੇ ਨਿਉਲੀ ਕਰਮ ਅਤੇ ਭੁਅੰਗਮ ਆਦਿ ਜੋਗ ਦੇ ਸਾਧਨ ਸਾਧਿਆਂ ਪੰਜਾਂ ਦੂਤਾਂ (ਕਾਮ, ਕ੍ਰੋਧ, ਆਦਿਕ) ਤੋਂ ਸੰਗੁ (ਖਹਿੜਾ) ਨਹੀਂ ਛੁਟਦਾ। ਹੋਰ ਵਧੇਰੇ ਅਹੰਬੁਧ ਦੀ ਬੰਧਨ ਵਿਚਿ ਬੱਝ ਜਾਈਦਾ ਹੈ। ਹੰਕਾਰ ਹੀ ਵਧਦਾ ਹੈ ਅਤੇ ਪੰਜਾਂ ਦਾ ਸੰਗ ਨਹੀਂ ਛੁਟਦਾ। ਤਾਂ ਤੇ ਬੇਦ ਪੜ੍ਹਨ ਵੀਚਾਰਨ ਅਤੇ ਬੇਦਾਂ ਦੇ ਪੜ੍ਹੇ ਬੀਚਾਰੇ ਅਨੁਸਾਰ ਕਰਮ ਕਮਾਇਆਂ ਹੋਰ ਕੁਛ ਨਹੀਂ ਬਣਦਾ । ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਛੁਟਦੇ ਨਹੀਂ ਸਗੋਂ ਹੋਰ ਵਿਕਾਰ ਵਧ ਜਾਂਦੇ ਹਨ। ਤਾਂ ਵੇਦਾਂ ਦੇ ਪੜ੍ਹਨ ਬੀਚਾਰਨ ਕਮਾਵਨ ਦਾ ਕੀ ਫ਼ਾਇਦਾ ਹੈ। ਏਵੇਂ ਜਿਵੇਂ ਨਿਉਲੀ ਕਰਮ ਕਰਨਾ ਭੀ ਨਿਰਾ ਨਿਸਫਲ ਹੀ ਹੈ। ਜੋਗ ਪਾਖੰਡ ਰੂਪ ਹੈ। ਸਾਰੀਆਂ ਆਂਦਰਾਂ ਨੂੰ ਉਗਛਲ ਕੇ ਬਾਹਰ ਕਢਣ ਅਤੇ ਧੋ ਕੇ ਫੇਰ ਅੰਦਰਿ ਪਾਉਣ ਦੀ ਫੋਕਟ ਕਿਰਿਆ ਫ਼ਜ਼ੂਲ ਪਾਖੰਡ ਯੋਗ ਕਿਰਿਆਵੀ ਕਰਮੁ ਹੈ। ਏਸੇ ਤਰ੍ਹਾਂ ਯੋਗ ਦੀ ਭੁਅੰਗਮ ਸਾਧਨਾ ਸਾਧਣੀ ਭੀ ਨਿਰਾ ਫੋਕਾ ਹਠ ਕਮਾਣਾ ਹੀ ਹੈ। ਯੋਗੀਆਂ ਦੀ ਗਿਣੀ ਮਿਥੀ ਹੋਈ ਇਕ ਨਾੜੀ ਹੈ, ਜੋ ਸੱਪ ਵਾਂਗੂੰ ਵਲ ਖਾਂਦੀ ਹੋਈ ਰੀੜ੍ਹ ਦੀ ਹੱਡੀ ਦੇ ਨਾਲਿ ਨਾਲਿ ਵਿਚਕਾਰ ਦੀ ਹੇਠਾਂ ਤੋਂ ਉਪਰ ਤਾਂਈਂ ਜਾਂਦੀ ਹੈ। ਜਿਸ ਨੂੰ ਉਹ ਕੁੰਡਲਨੀ ਨਾੜੀ ਆਖਦੇ ਹਨ। ਇਸ ਦੇ ਵਿਚਿ ਦੀ ਸੁਆਸ ਚੜ੍ਹਾਉਣ ਉਤਾਰਨ ਦੀ ਕਿਰਿਆ ਨੂੰ ਭੁਅੰਗਮ ਨਾਮੇ ਯੋਗ ਸਾਧਨ ਆਖਦੇ ਹਨ। ਇਸ ਕਸ਼ਟ ਯੋਗ ਸਾਧਨ ਨਾਲਿ ਭੀ ਤੱਤ ਸਿਧੀ ਪਰਮਾਰਥ ਦੀ ਨਹੀਂ ਹੁੰਦੀ। ਇਹਨਾਂ ਉਪਰ ਦਸੇ ਕਰਮਾਂ ਦੇ ਕਰਨ ਕਰਿ ਅਹੰਬੁਧ ਹੀ ਵਧਦੀ ਹੈ। ਪਰਮਾਰਥ ਦੀ ਸਿਧੀ ਹਰਗਿਜ਼ ਨਹੀਂ ਹੁੰਦੀ

ਇਹਨਾਂ ਕਸ਼ਟ-ਯੋਗ ਦੀਆਂ ਅਤੇ ਵੇਦਾਚਾਰੀ ਕਰਮਾਂ ਦੀਆਂ ਬਿਧੀਆਂ ਦੁਆਰਾ ਪਰਮਾਤਮਾ ਨਾਲਿ ਭੀ ਮਿਲਿਆ ਨਹੀਂ ਜਾਂਦਾ, ਇਸ ਪ੍ਰਕਾਰ ਦੇ ਭਾਵੇਂ ਅਨੇਕਾਂ ਕਰਮ ਕਰਿ ਕਰਿ ਕੇ ਹੰਭਿਆ ਜਾਵੇ। ਹਾਰ ਕੇ ਉਹਨਾਂ ਕਰਮਾਚਾਰੀਆਂ ਨੂੰ ਪਰਮਾਰਥ ਸਬੰਧੀ ਅਤੇ ਪਰਮਾਤਮਾ ਮਿਲਣ ਸਬੰਧੀ ਸੱਚੀ ਬਿਬੇਕ ਬੁਧੀ ਪ੍ਰਾਪਤਿ ਕਰਨ ਲਈ ਸੁਆਮੀ ਸਿਰਿ ਸੁਆਮੀ, ਸੱਚੇ ਗੁਰੂ ਕਰਤਾਰ ਸੁਆਮੀ ਦੇ ਦੁਆਰੇ ਢਹਿ ਪੈਣਾ ਪਵੇਗਾ। ਗੁਰੂ ਘਰ ਤੋਂ ਹੀ ਸੱਚੀ ਗੁਰਮਤਿ ਬਿਬੇਕ ਯੁਗਤੀ ਪਰਮਾਤਮਾ ਦੇ ਮਿਲਣ ਦੀ ਮਿਲ ਸਕਦੀ ਹੈ। ਹੋਰ ਕਿਤੋਂ ਨਹੀਂ। ਭਾਵੇਂ ਅਨੇਕਾਂ ਆਨਮਤ ਕਰਮਾਂ ਨਾਲ ਟੱਕਰਾਂ ਮਾਰੀਆਂ ਜਾਣ, ਏਹ ਐਵੇਂ ਬਿਰਥੀਆਂ ਜਾਂਦੀਆਂ ਹਨ।

ਫੇਰ ਨੰਬਰ ਦੋ ਤੇ ਹੋਰ ਆਨਮਤ ਕਰਮਾਂ ਦਾ ਖੰਡਨ ਇਸ ਗੁਰਵਾਕ ਅੰਦਰਿ ਇਉਂ ਹੈ- ਮੋਨ ਧਾਰੀ ਰਖਣਾ, ਮੋਨ ਬ੍ਰਿਤ ਰਖ ਕੇ ਚੁਪ ਸਾਧੀ ਰਖਣੀ। ਇਹ ਕਰਮ ਕਰਨਾ ਭੀ ਗੁਰਮਤਿ ਅਨੁਸਾਰ ਪਾਖੰਡ ਰੂਪ ਹੀ ਜਣਾਇਆ ਗਿਆ ਹੈ। ਤਿਸ ਤੇ ਕੁਛ ਪ੍ਰਾਪਤੀ ਨਹੀਂ, ਨਾ ਪਰਮਾਰਥ ਦੀ ਸਿਧੀ ਹੁੰਦੀ ਹੈ। ਆਪਣੇ ਹੱਥ ਚਿਪੀ ਫੜੀ ਰਖਣੀ, ਇਸ ਚਿਪੀ ਵਿਚਿ ਅੰਨ-ਜਲ ਛਕਣਾ। ਇਸ ਵਿਚਿ ਭੀ ਕੋਈ ਪਰਮਾਰਥ-ਸਿਧੀ ਨਹੀਂ। ਹੱਥ ਵਿਚ ਬਰਤਨ ਰਖਣਾ ਅਰਥਾਤ ਕਰਪਾਤੀ ਮਈ ਇਹ ਕਰਮ ਭੀ ਪਾਖੰਡ ਹੈ। ਅਤੇ ਬਨਾਂ ਜੰਗਲਾਂ ਵਿਚਿ ਅਲਫ਼ ਨੰਗੇ ਹੋ ਕੇ ਭਉਂਦੇ ਫਿਰੀ ਜਾਣ ਵਾਲਾ ਕਰਮ ਭੀ ਨਿਰਾ ਬੇਸ਼ਰਮੀ ਭਰਿਆ ਪਾਖੰਡ ਕਰਮ ਹੈ, ਭਲਾ, ਤਨ ਬਦਨ ਦੇ ਉਤੇ ਸਰੀਰ ਢਕਣ ਲਈ ਬਸਤਰ ਨਾ ਓਢਣ ਵਿਚਿ ਭੀ ਕੋਈ ਵਡਿਆਈ ਹੈ। ਨਾ ਕੋਈ ਪਰਮਾਰਥ ਸਿਧੀ ਹੈ। ਫੇਰ ਤੀਰਥਾਂ ਦੇ ਤਟਾਂ ਤੇ ਨ੍ਹਾਤਿਆਂ ਅਤੇ ਸਾਰੀ ਧਰਤੀ ਤੇ ਐਵੇਂ ਊਠ ਵਾਂਗੂੰ ਮੂੰਹ ਚੁਕ ਕੇ ਭਉਂਦੇ ਫਿਰਨ ਵਿਚ ਭੀ ਕੋਈ ਸੁਚੱਜਾ ਮਨੋਰਥ ਸਿਧ ਨਹੀਂ ਹੁੰਦਾ। ਮਨ ਏਕਾਂਤ ਭੀ ਨਹੀਂ ਹੁੰਦਾ। ਨਾ ਹੀ ਮਨ ਦੀ ਦੁਬਿਧਾ ਛੁਟਦੀ ਹੈ। ਸਗੋਂ ਹੋਰ ਵਧੇਰੀ ਵਧਦੀ ਹੈ ॥੨॥

ਮਨੋ ਕਾਮਨਾ ਸਹਿਤ ਤੀਰਥਾਂ ਤੇ ਜਾਇ ਬਸਣ ਨਾਲਿ ਭੀ ਕੁਛ ਨਹੀਂ ਬਣਦਾ। ਸਿਰ ਤੇ ਆਰਾ ਧਰਾ ਕੇ ਦੁਫਾੜ ਚੀਰੇ ਜਾਣ ਨਾਲਿ ਭੀ ਕੁਛ ਨਹੀਂ ਬਣਦਾ। ਇਹਨਾਂ ਬਿਧੀਆਂ ਨਾਲਿ ਮਨ ਦੀ ਮੈਲ ਨਹੀਂ ਉਤਰਦੀ, ਚਾਹੇ ਲਖ ਯਤਨ ਏਸ ਤਰ੍ਹਾਂ ਦੀ ਆਨਮਤ ਕਿਰਿਆ ਕਰਮ ਦੇ ਕੀਤੇ ਜਾਣ ॥੩॥

ਸੋਨਾ ਇਸਤ੍ਰੀ, ਉਤਮ ਤੋਂ ਉਤਮ ਘੋੜੇ, ਹਾਥੀ, ਏਸ ਪ੍ਰਕਾਰ ਦੇ ਬਹੁ ਬਿਸਥਾਰ ਦਾਨ ਦੇਣ ਵਾਲਾ ਦਾਤਾਰ ਭੀ ਬਣਿਆ ਅਤੇ ਅਨਾਜ ਬਸਤਰ ਜ਼ਮੀਨ ਭੀ ਬਾਹਲੀ ਬਾਹਲੀ ਦਾਨ ਕਰਿ ਦਿੱਤੀ, ਪਰ ਵਾਹਿਗੁਰੂ ਦੇ ਦੁਆਰੇ ਦੀ ਪ੍ਰਾਪਤੀ ਨਾ ਹੋਈ। ਨੇੜੇ ਢੁਕਣਾ ਨਾ ਮਿਲਿਆ। ਇਹਨਾਂ ਉਪਰ ਦਸੇ ਕਰਮਾਂ ਦੇ ਕਰਨ ਕਰ ਕੇ ਕੁਝ ਹਥਿ ਨਾ ਆਇਆ।


www.AKJ.Org

ਫੇਰ ਆਨਮਤ ਕਰਮਾਰੀ ਅਨਿਕ ਪ੍ਰਕਾਰੀ ਬੇਦ ਮੰਤਰ ਗਾਇਤ੍ਰੀ ਪੂਜਾ ਕਰਨੀ, ਚੰਦਨ ਛਿੜਕਣਾ (ਅਰਚਾ ਕਰਮ) ਡੰਡੇ ਵਾਂਗ ਲੰਮੇ ਪੈ ਕੇ ਡੰਡਉਤ ਨਮਸਕਾਰ ਕਰਨੀ ਅਤੇ ਖਟ (ਛੇ) ਕਰਮਾਂ ਦੇ ਕਰਨ ਦਾ ਨੇਮੀ ਪ੍ਰੇਮੀ ਹੋਣਾ, ਇਹਨਾਂ ਆਨਮਤ ਕਰਮਾਂ ਦੇ ਕੀਤਿਆਂ ਭੀ ਕੁਛ ਨਹੀਂ ਬਣ ਸਕਦਾ। ਸਗੋਂ ਇਹਨਾਂ ਕਰਮਾਂ ਦੇ ਕੀਤਿਆਂ ਹਉਮੈ ਹੀ ਵਧਦੀ ਹੈ ਅਤੇ ਵਧੇਰੇ ਤੋਂ ਵਧੇਰੇ ਹਉਮੈ ਦੇ ਬੰਧਨਾਂ ਦੇ ਪਈਦਾ ਹੈ। ਇਹਨਾਂ ਕੁਚੱਜੀਆਂ ਆਨਮਤਿ ਕਰਮੱਜੀਆਂ ਜੁਗਤੀਆਂ ਨਾਲ ਹਰਗਿਜ਼ ਹਰਗਿਜ਼ ਪ੍ਰਮਾਤਮਾ ਨੂੰ ਨਹੀਂ ਮਿਲ ਸਕੀਦਾ। ਇਹ ਨਿਰਾ ਕੁਚੱਜ ਹੀ ਹੈ। ਪ੍ਰਮਾਤਮਾ ਨੂੰ ਏਹਨਾਂ ਕੁਚੱਜ ਕਰਮਾਂ ਨਾਲ ਮਿਲਿਆ ਨਹੀਂ ਜਾ ਸਕਦਾ॥੫॥

ਜੋਗੀਆਂ ਦੇ ਜੋਗ ਕਰਮ ਅਤੇ ਸਿਧਾਂ ਦੇ ਚਉਰਾਸੀ ਆਸਣ ਜਮਾਣ ਵਾਲੀ ਸਿਧ ਸਾਧਨਾ ਭੀ ਕਰਿ ਕਰਿ ਕੇ ਭਾਵੇਂ ਕਿਤਨਾ ਹੀ ਖਪਿਆ ਹੰਭਿਆ ਜਾਵੇ, ਇਹ ਆਨਮਤ ਕਰਮਾਂ ਦੇ ਕੀਤਿਆਂ ਭੀ ਹਰੀ ਪ੍ਰਮਾਤਮਾ ਨਾਲਿ ਮੇਲ ਨਹੀਂ ਹੁੰਦਾ। ਏਹਨਾਂ ਸਾਧਨਾਂ ਦੇ ਸਾਧਣ ਕਰਿ ਆਯੂ ਭਾਵੇਂ ਬਹੁਤੀ ਵਡੇਰੀ ਅਤੇ ਲੰਮੇਰੀ ਹੋ ਜਾਵੇ। ਪਰ ਵਡੇਰੀ ਉਮਰ ਲਮੇਰੀ ਹੋਣ ਕਰਿ ਭੀ ਕੁਛ ਹੱਥ ਨਹੀਂ ਆਉਂਦਾ। ਓੜਕ ਮਰਨਾ ਹੀ ਹੁੰਦਾ ਹੈ ਅਤੇ ਮਰ ਕੇ ਫੇਰ ਜੋਨੀਆਂ ਵਿਚਿ ਹੀ ਪੈਣਾ ਪੈਂਦਾ ਹੈ। ਤਾਂ ਤੇ ਏਹ ਆਨਮਤ ਕਰਮ ਕੀਤੇ ਭੀ ਨਿਸਫਲ ਗਏ॥ ੬॥

ਰਾਜਿਆਂ ਵਾਲੇ ਸਾਜ ਬਾਜ ਅਡੰਬਰਾਂ ਨੂੰ ਰਚ ਰਚ ਕੇ ਬਹੁ ਪ੍ਰਕਾਰੀ ਰਾਜ ਲੀਲ੍ਹਾ ਭੀ ਬਥੇਰੇ ਲੀਲ੍ਹਾ ਚਾਰੀ ਰਾਜੇ ਕਰਿ ਕਰਿ ਹੰਭ ਖੜੋਤੇ। ਅਤੇ ਲੀਲ੍ਹਾ ਕਰਿ ਕਰਿ ਕੇ ਅਨਿਕ ਪ੍ਰਕਾਰੀ ਕਾਮਾਰਥੀ ਭੋਗ ਭੋਗੇ ਅਤੇ ਹਕੂਮਤ ਦੇ ਅਫਰੇਮੇ ਵਾਲੇ ਮਦ (ਨਸ਼ੇ) ਵਿਚਿ ਅਤਿਆਚਾਰੀ ਅਨਰਥ ਅਧਰਮ ਵਾਲੇ ਹੁਕਮ ਚਾੜ੍ਹੇ। ਸੋਹਣੀਆਂ ਤੋਂ ਸੋਹਣੀਆਂ ਸੁੰਦਰ ਇਸਤ੍ਰੀਆਂ ਨੂੰ ਮਹਲਾਂ ਵਿਚਿ ਪਾ ਕੇ ਉਹਨਾਂ ਦੇ ਨਾਲਿ ਕਾਮ ਦੇ ਚੇਸ਼ਟੀ ਭੋਗ ਭੀ ਬਥੇਰੇ ਭੋਗੇ। ਭੋਗਣ ਵਾਲੀਆਂ ਸੇਜਾਂ ਨੂੰ ਚੰਦਨ, ਅਰਗਜਾ, ਅਤਰ ਆਦਿ ਛਿੜਕ ਕੇ ਗਚਾ ਗਚ ਕਰ ਕਰ ਕੇ ਆਪਣੇ ਕਾਮ ਲੀਲਾ ਵਾਲੇ ਗੱਚ ਗੁਮਰ ਬਥੇਰੇ ਕਢੇ, ਪਰ ਓੜਕ ਇਹ ਰਾਜ ਲੀਲਾ ਵਾਲਾ ਕਾਮ ਕਮੀਲੀ ਕਮਾਸ਼ ਵਾਲਾ ਤਮਾਸ਼ਾ ਅਖਾੜਾ ਮਹਲ ਦਰਬਾਰਾ ਨਰਕ ਘੋਰ ਦਾ ਦੁਆਰਾ ਹੀ ਸਿਧ ਹੋਇਆ। ਅਰਥਾਤ ਏਹਾ ਰਾਜਸਾਜ਼ੀ ਕਰਮਾਂ ਦੇ ਕਰਨ ਕਰਿ ਘੋਰ ਨਰਕ ਹੀ ਅੰਤ ਨੂੰ ਭੋਗਣੇ ਪੈਣਗੇ। ਧ੍ਰਿਕਾਰ ਹੈ ਅਜਿਹੇ ਕਰਮਾਂ ਦੇ ਕਰਨ ਤੇ ॥੭॥

ਉਪਰਲੇ ਸਾਰੇ ਆਨਮਤ ਕਰਮਾਂ ਦੀ ਸੋਧ ਸੁਧਾਈ ਅਤੇ ਖੰਡਨਤਾਈ ਕਰ ਕੇ ਸੱਚਾਂ ਅਤੇ ਸਚਿਆਈ ਭਰਿਆ ਇਕੋ ਇਕ ਕਰਮ ਕਮਾਉਣਾ ਦਰਸਾਇਆ ਜਾਂਦਾ ਹੈ। ਇਸ ਗੁਰਵਾਕ ਦੇ ਅਠਵੇਂ ਅੰਗ ਵਿਚਿ ਜੋ ਸਾਰੇ ਗੁਰਵਾਕ ਦਾ ਸਾਰ ਸਿੱਟਾ ਹੈ-, "ਹਰਿ ਕੀਰਤਿ ਸਾਧ ਸੰਗਤਿ ਹੈ ਸਿਰ ਕਰਮਨ ਕੈ ਕਰਮਾ ।" ਇਹਨਾਂ ਸਾਰਿਆਂ ਦੇ ਉਪਰ ਦਸੇ ਆਨਮਤ ਕਰਮਾਂ ਦੇ ਸਿਰ ਕਰਮ ਹਰਿ ਕੀਰਤਿ ਵਾਹਿਗੁਰੂ ਦੇ ਗੁਣਾਂ ਦੀ ਗੁਰਬਾਣੀ ਦੁਆਰਾ ਸਿਫਤਿ ਸਾਲਾਹ ਕਰਨ ਵਾਲਾ ਸਰਬੋਤਮ ਕਰਮ ਹੀ ਹੈ, ਜੋ ਗੁਰੂ ਘਰ ਦੀ ਸਾਧ ਸੰਗਤਿ ਵਿਚਿ ਮਿਲ ਕੇ ਹੀ ਕੀਤਾ ਕਮਾਇਆ ਜਾਂਦਾ ਹੈ। ਅਤੇ ਇਹ ਕਰਮਨ ਸਿਰ ਕਰਮ ਪ੍ਰਾਪਤਿ ਭੀ ਤਿਸ ਵਡਭਾਗੀ ਜਨ ਨੂੰ ਹੀ ਹੁੰਦਾ ਹੈ, ਜਿਸ ਨੇ ਪੁਰਬ ਲਿਖੇ ਦਾ ਲਹਿਣਾ ਲੈਣਾ (ਪ੍ਰਾਪਤਿ ਕਰਨਾ) ਹੁੰਦਾ ਹੈ।

ਗੁਰੂ ਘਰ ਦਾ ਕੋਈ ਵਿਰਲਾ ਗੁਰਮੁਖਿ ਸਿਖ ਸੇਵਕ ਹੀ ਇਸ ਹਰੀ ਕੀਰਤਨ ਦੇ ਰੰਗਾਂ ਵਿਚਿ ਹਰ ਦੰਮ ਮਸਤ ਰਹਿਣ ਵਾਲਾ ਹੁੰਦਾ ਹੈ। ਦੀਨਾਂ ਦੇ ਦੁਖ ਭੰਜਨ-ਹਾਰਾ ਗੁਰੂ ਕਰਤਾਰ ਜਦੋਂ ਕ੍ਰਿਪਾਲ ਹੋਵੇ ਤਦੋਂ ਹੀ ਹਰੀ ਕੀਰਤਨ ਦੇ ਰੰਗਾਂ ਵਿਚਿ ਇਹ ਮਨ ਰੰਗਿਆ ਜਾਂਦਾ ਹੈ। ਅਜਿਹੇ ਰੰਗ-ਰੰਗੀਸ਼ਰਾਂ ਦੀ ਜੁੜੀ ਸਾਧ ਸੰਗਤ ਵਿਚਿ ਕੀਰਤਨ ਕੀਤਾ ਧੁਰ ਦਰਗਾਹੇ ਪਰਵਾਣ ਪੈਂਦਾ ਹੈ, ਜੋ ਗੁਰਮਤਿ ਸਿਫਤਿ ਸਾਲਾਹੀ ਕਰਮ ਦੇ ਅਨਿਕ ਪ੍ਰਕਾਰੀ ਰੰਗਾਂ ਵਿਚਿ ਕੀਤਾ ਜਾਂਦਾ ਹੈ। ਸਰਬੱਤਰ ਆਨਮਤ ਕਰਮਾਂ ਨਾਲੋਂ ਸ੍ਰੇਸ਼ਟ ਅਤੇ ਸਰਬੋਤਮ ਕਰਮੁ ਹੈ। ਚਾਹੇ ਨਾਮੁ ਅਭਿਆਸ ਕਮਾਈ ਕੀਤੀ ਜਾਵੇ, ਚਾਹੇ ਅਖੰਡ ਗੁਰਬਾਣੀ ਅੰਮ੍ਰਿਤਿ ਰੂਪ ਪਾਰਸ ਦਾ ਅਭਿਆਸ ਕੀਤਾ ਜਾਵੇ। ਚਾਹੇ ਕੀਰਤਨ ਕਮਾਈਆਂ ਵਿਚਿ ਸਿਫ਼ਤਿ ਸਾਲਾਹ ਉਕਤਾਈ ਜਾਵੇ। ਇਹ ਇਕੋ ਹੀ ਸਚਾ ਸਿਫਤਿ ਸਾਲਾਹੀ ਅਚਾਰ ਗੁਰਮਤਿ ਕਰਮਾਤੀ ਕਰਮ ਹੈ, ਜੋ ਸਿਰ ਕਰਮਨ ਕਰਮ ਅਮਰ ਕਰਮ ਹੈ।


www.AKJ.Org

# ਸ੍ਰੀ ਗੁਰੂ ਦਸਮ ਪਾਤਸ਼ਾਹ ਦੀ ਖੰਡੇ ਦੀ ਫ਼ਿਲਾਸਫ਼ੀ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਪਰਉਪਕਾਰ ਦਾ ਨਿਰਭੈ ਪਦ, ਨਾਮ ਮਹਾ ਰਸ ਦੀ ਕਮਾਈ ਦਾ ਸਿਖਰਲਾ ਡੰਡਾ ਹੈ। ਏਥੇ ਅੱਪੜ ਕੇ ਹੀ ਪੁਰਸ਼ ਪਰਉਪਕਾਰੀ ਹੋ ਸਕਦਾ ਹੈ। ਜਿਨ੍ਹਾਂ ਦੀ ਆਤਮ-ਬਿਰਤੀ ਭਜਨ ਬਾਣੀ ਦੇ ਪ੍ਰਤਾਪ ਨਾਲ ਦੇਹ- ਅਧਿਆਸ ਤੋਂ ਰਹਿਤ ਹੋ ਚੁੱਕੀ ਹੈ, ਜਿਨ੍ਹਾਂ ਦੇ ਜੀਵਨ ਆਤਮ-ਬਲ ਦੇ ਤਾਣ ਆਪੇ ਤੋਂ ਉਚੇ ਹੋ ਚੁੱਕੇ ਹਨ, ਜੋ ਨਾਮ ਰਸਾਇਣੀ ਨਸ਼ੇ ਨਾਲ ਖੀਵੇ ਹੋ ਕੇ ਦੇਹੋਂ ਬਦੇਹ ਹੋ ਚੁੱਕੇ ਹਨ, ਜਿਨ੍ਹਾਂ ਦੀ ਅਮਲੀ ਭਗਤੀ ਕਮਾਈ -

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥੨੦੪॥

(ਸਲੋਕ ਕਬੀਰ ਜੀ, ਪੰਨਾ ੧੩੭੫)

ਦੇ ਵਾਕ ਵਾਲੇ ਭਾਵ ਦੇ ਟਿਕਾਣੇ ਤੇ ਪਹੁੰਚ ਚੁੱਕੀ ਹੈ, ਜਿੰਨ੍ਹਾਂ ਦੇ ਰਗੋ-ਰੇਸ਼ੇ ਅੰਦਰ ਚੜ੍ਹਦੀਆਂ ਕਲਾ ਵਾਲਾ ਬੀਰ ਰਸ ਹਰ ਦੰਮ ਠਾਠਾਂ ਮਾਰ ਉਠਦਾ ਹੈ, ਉਹੀ ਪੁਰਸ਼ ਹੀ ਪਰਉਪਕਾਰੀ ਬਣ ਸਕਦੇ ਹਨ। ਪਰ ਪਰਉਪਕਾਰ ਨਮਿੱਤ ਬੀਰ ਰਸ ਦੇ ਅੰਤਰਆਤਮੇ ਹੋਣ ਤੋਂ ਭਾਵ ਇਹ ਹੈ ਕਿ ਸਾਹਮਣੇ ਦੀਨਾ ਦੁਖੀਆ ਪਰ ਜਬਰ ਹੋ ਰਿਹਾ ਹੋਵੇ, ਧਰਮ ਦੀ ਹਾਨੀ ਹੁੰਦੀ ਹੋਵੇ, ਅਨਿਆਉਂ ਅੱਤਿਆਚਾਰ ਹੋ ਰਿਹਾ ਹੋਵੇ, ਓਥੇ ਜਿਸ ਦੇ ਰਿਦੰਤਰ ਦੀਨ-ਰੱਖਿਆ ਤੇ ਧਰਮ-ਰੱਖਿਆ ਦੇ ਅਗੰਮੀ ਦੇ ਅਗੰਮੀ ਵਲਵਲੇ ਉਠਣ, ਪਰ ਵੈਰ ਵਿਰੋਧ ਤੇ ਕਰੋਧ ਅਹੰਕਾਰ ਦੀ ਅੰਸ ਮਾਤ੍ਰ ਭੀ ਇਨ੍ਹਾਂ ਵਲਵਲਿਆਂ ਵਿਚ ਨਾ ਹੋਵੇ, ਤੇ ਇਹ ਵਲਵਲੇ ਤਨ, ਮਨ, ਧਨ ਅਤੇ ਸਰਬੰਸ ਵਾਰ ਦੇਣ ਦਾ ਅਮਲੀ ਜਾਮਾ ਪਹਿਨਾਉਣ ਦੀ ਤਾਰ ਬਰਕੀ ਕਲਾ ਵਰਤਾ ਦੇਣ, ਤਾਂ ਜਾਣੀਐ ਕਿ ਬੀਰ ਰਸ ਵਾਲਾ ਪਰਉਪਕਾਰੀ ਜੀਵਨ ਉਤਪੰਨ ਹੋ ਗਿਆ ਹੈ। ਜਿਉਂ ਜਿਉਂ ਏਸ ਬੀਰ ਰਸ ਦੀ ਤਾਰ ਕਲਾ ਅੰਦਰ ਫਿਰਦੀ ਹੈ ਤਿਉਂ ਤਿਉਂ ਨਾਮ ਦਾ ਖੰਡਾ ਦੂਣ ਸਵਾਇਆ ਖੜਕਦਾ ਹੈ। ਅੰਦਰ ਇਹ ਨਾਮ ਦਾ ਖੰਡਾ ਖੜਕਦਾ ਹੋਵੇ ਅਤੇ ਬਾਹਰ ਨਿਜ ਭੁਜ ਬਲ ਤੋਂ ਦੁਸਟਾਂ ਸ਼ਤਰੂਆਂ ਨੂੰ ਦਮਨ ਕਰਨਹਾਰਾ ਸਰਬ ਲੋਹ ਦਾ ਖੜਗ ਖੰਡਾ ਖੜਕਦਾ ਹੋਵੇ ਤੇ ਅੰਦਰਲੀ ਤਾਰ ਨਿਮਖ ਮਾਤ੍ਰ ਵੀ ਨਾ ਟੁੱਟੇ, ਇਹ ਬੀਰ ਰਸ ਮਾਤੇ ਪਰਉਪਕਾਰੀ ਜੋਧੇ ਦੇ ਵਾਸਤਵੀ ਲੱਛਣ ਹਨ। ਏਸ ਅਵਸਥਾ ਪ੍ਰਥਾਇ ਸ੍ਰੀ ਦਸਮੇਸ਼ ਜੀ ਦਾ ਇਹ ਮੁਖਵਾਕ ਕਿਹਾ ਸੁੰਦਰ ਫਬਦਾ ਹੈ :-

ਸਵਯਾ – ਧੰਨ ਜੀਓ ਤਿਹ ਕੋ ਜਗ ਮੈਂ ਮੁਖ ਤੇ ਹਰਿ ਚਿਤ ਮੈਂ ਜੁੱਧ ਬਿਚਾਰੈ।
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ।
ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉਂ ਉਜਿਆਰੈ ।
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ ॥੨੪੯੨॥

(ਦਸਮ ਗ੍ਰੰਥ, ਕ੍ਰਿਸ਼ਨਾ ਅਵਤਾਰ)

ਪਰਉਪਕਾਰੀ ਬੀਰ ਨੂੰ ਮਰਨ ਕਾਲ ਦਾ ਤ੍ਰਾਸ ਨਹੀਂ, ਮਰ ਮਿਟਣ ਦੀ ਪਰਵਾਹ ਨਹੀਂ। ਲੱਖਾਂ ਖੂਹਣੀਆਂ ਦੇ ਮੁਖ਼ਾਲਫ਼ ਲਸ਼ਕਰਾਂ ਦਾ ਭੈ ਨਹੀਂ। ਉਹ ਆਪ ਜੀਵਨ-ਮੁਕਤ ਹੈ ਤੇ ਜਿਨ੍ਹਾਂ ਨੂੰ ਤਲਵਾਰ ਦੇ ਘਾਟ ਪਾਰ ਉਤਾਰਦਾ ਹੈ, ਉਨ੍ਹਾਂ ਨੂੰ ਸ਼ਹੀਦੀ ਸ਼ਰਬਤ ਚਖਾਉਂਦਾ ਹੈ ਅਤੇ ਮੁਕਤ ਕਰਾਉਂਦਾ ਹੈ। ਓੜਕ ਆਪ ਭੀ ਸ਼ਹੀਦੀ ਮਰਤਬਾ ਪਾਉਂਦਾ ਹੈ। ਉਸ ਦੇ ਹੱਥੋਂ ਮਰਦਾ ਮਰਾਉਂਦਾ ਕੋਈ ਨਹੀਂ, ਬਲਕਿ ਹਰ ਕੋਈ ਉਸ ਦੀ ਸ੍ਰੀ ਸਾਹਿਬ ਦੀ ਭੇਟਾ ਹੋ ਕੇ ਅਮਰ ਪਦਵੀ ਪਾਉਂਦਾ ਹੈ। ਇਹੀ ਕਾਰਨ ਸੀ ਕਿ ਦੁਸ਼ਮਣ ਦੇ ਦਲ ਵਿਚੋਂ ਜਿਸ ਕਿਸੇ ਨੂੰ ਭੀ ਸ੍ਰੀ ਦਸਮੇਸ਼ ਜੀ ਦਾ ਤੀਰ ਵਿੰਨ੍ਹਦਾ ਸੀ ਉਸ ਨੂੰ ਸੁਆਦ ਆ ਜਾਂਦਾ ਸੀ, ਪੀੜ ਨਹੀਂ ਸੀ ਪ੍ਰਤੀਤ ਹੁੰਦੀ, ਸਗੋਂ ਵਾਹ ਵਾਹ ਕਰਦਾ ਹੋਇਆ ਅਮਰ ਅਨੰਦੀ ਹੋ ਜਾਂਦਾ ਸੀ, ਭਾਵੇਂ ਹਿੰਦੂ ਹੋਵੇ ਭਾਵੇਂ ਮੁਸਲਮਾਨ। ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਖੰਡੇ ਦਾ ਸ਼ਹੀਦੀ ਰਸ ਚਖ ਕੇ ਵੈਰ ਵਿਰੋਧ ਦੀ ਅਗਨੀ ਨਾਲ ਸੜੇ ਹੋਏ ਹਿਰਦੇ ਭੀ ਸੀਤਲ ਤੇ ਸ਼ਾਂਤ ਹੋ ਜਾਂਦੇ ਸਨ।


www.AKJ.Org

ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਸੀਸ ਧੜ ਤੋਂ ਉਤਰ ਗਿਆ ਹੈ, ਨਾਮ ਦਿਆਂ ਰੰਗਾਂ ਸਹਿਤ ਲਾਲੋ ਲਾਲ ਹਸਮੁੱਖੀ ਚਿਹਰੇ ਦਾ ਸ਼ਾਂਤਮਈ ਨੂਰ ਜਿਉਂ ਦਾ ਤਿਉਂ ਦਗ ਦਗ ਕਰਦਾ ਹੈ, ਸੀਸ-ਧੜ ਦੀ ਬਾਜ਼ੀ ਵਿਚ ਸੁਰਖ਼ਰੂ ਹੋ ਚੁੱਕੇ ਬਾਬੇ ਦਾ ਸੀਸ ਬਾਬੇ ਦੇ ਖੱਬੇ ਹੱਥ ਉਪਰ ਬਿਰਾਜਮਾਨ ਹੁੰਦਾ ਹੋਇਆ ਸ਼ਹੀਦੀ ਪਿੜ ਦੇ ਖਿਡਾਰੀਆਂ ਦੇ ਹੋਲੇ ਦਾ ਨਜ਼ਾਰਾ ਵੇਖ ਵੇਖ ਵਿਗਸ ਰਿਹਾ ਹੈ, ਅਤੇ ਸੀਸ ਤੋਂ ਸੱਖਣਾ ਧੜ ਦਹਿਣੀ ਭੁਜ-ਬਲ ਦੇ ਸਹਾਰੇ ਖੰਡਾ ਉਲਾਰ ਉਲਾਰ ਕੇ ਸੈਂਕੜਿਆਂ ਨੂੰ ਪਾਰ ਬੁਲਾ ਰਿਹਾ ਹੈ। ਨਹੀਂ, ਨਹੀਂ ਸ਼ਹੀਦੀ ਦਾ ਸ਼ਰਬਤ ਰਖਾ ਰਿਹਾ ਹੈ ਅਤੇ ਦੂਰ ਤੱਕ ਇਹ ਬਹਾਰ ਬੱਝੀ ਤੁਰੀ ਜਾ ਰਹੀ ਹੈ, ਜਿਸ ਦਾ ਸਾਰ ਇਹ ਨਿਕਲਦਾ ਹੈ ਕਿ ਟਿੱਡੀ ਦਲ ਸ਼ੱਤਰੂ ਦੀ ਫ਼ੌਜ ਇੱਕ ਆਨ ਵਿੱਚ ਖੇਰੂੰ ਖੇਰੂੰ ਹੋ ਜਾਂਦੀ ਹੈ। ਇਸ ਬ੍ਰਿਤਾਂਤ ਦੀ ਗਵਾਹੀ ਇਤਿਹਾਸ ਦੇ ਰਿਹਾ ਹੈ ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਨਾਮ ਜੁੱਗਾ ਪ੍ਰਯੰਤ ਦੁਨੀਆ ਉਪਰ ਕਾਇਮ ਰਹੇਗਾ। ਇਹ ਗੁਰੂ ਘਰ ਦੇ ਪਰਉਪਕਾਰ ਦੇ ਪੁਤਲਿਆਂ ਦੀ ਸੂਰਬੀਰਤਾ ਦਾ ਇੱਕੋ ਵੰਨਗੀ ਪੂਰਬਕ ਉਦਾਹਰਣ, ਬੀਰ ਰਸੀ ਪਰਉਪਕਾਰ ਦੀ ਸ਼ਾਂਤ ਕਲਾ ਵਾਲੀ ਬਿਵਸਥਾ ਬਨਾਵਣ ਲਈ ਕਾਫ਼ੀ ਤੋਂ ਭੀ ਵਧੀਕ ਹੈ। ਇਹ ਆਦਰਸ਼ ਹੈ ਬੀਰ ਰਸ ਤੇ ਸ਼ਾਂਤ ਰਸ ਸੰਯੁਕਤੀ ਗੁਰਮਤਿ ਉਪਕਾਰ ਦਾ। ਇਸ ਤੋਂ ਸਾਫ਼ ਸਿੱਟਾ ਨਿਕਲਦਾ ਹੈ ਕਿ ਕੇਵਲ ਦੋਹੋਂ ਬਿਦੇਹ ਹੋ ਕੇ ਸੀਸ ਤਲੀ ਤੇ ਰੱਖਣ ਵਾਲੇ ਅਤੁੱਟ ਲਿਵਤਾਰ ਦੇ ਧਨੀ ਗੁਰਮੁਖ ਪਿਆਰੇ ਹੀ ਪਰਉਪਕਾਰੀ, ਬੀਰ ਰਸੀਏ ਬਿਬੇਕੀ ਜਨ ਬਣ ਸਕਦੇ ਹਨ, ਜਿਨ੍ਹਾਂ ਦੀ ਲਿਵ ਐਨੀ ਪੱਕ ਚੁੱਕੀ ਹੋਵੇ ਕਿ ਅਸਹਿ ਕਸ਼ਟਾਂ ਦੇ ਮਿਲਣ ਪਰ ਭੀ ਨਾ ਟੁੱਟੇ ਅਤੇ ਨੂਰੀ ਮੱਥੇ ਦਾ ਖਿੜਾਉ ਅੰਤ੍ਰੀਵ ਸ਼ਾਂਤ ਰਸ ਜਿਉਂ ਦਾ ਤਿਉਂ ਬਣਿਆ ਰਹੇ। ਉਹ ਕੀ ਤਾਕਤ ਹੈ, ਜਿਸ ਨੇ ਸੀਸ ਦੀਆਂ ਖੋਪਰੀਆਂ ਉਤਾਰਦਿਆਂ ਹੋਇਆਂ ਭੀ ਭਾਈ ਤਾਰੂ ਸਿੰਘ ਜਿਹੇ ਸੂਰਬੀਰ ਸ਼ਾਂਤ ਰਸ ਦੇ ਪੁਤਲਿਆਂ ਨੂੰ ਅਡੋਲ ਰਖਿਆ? ਉਹ ਕਿਹੜੀ ਸ਼ਕਤੀ ਹੈ ਕਿ ਜਿਸ ਨੇ ਦੂਲੇ ਭਾਈ ਵੀਰ ਸਿੰਘ ਨੌਰੰਗਾਬਾਦੀਏ ਨੂੰ ਦੜਾ ਦੜਾ ਪੈਂਦੀਆਂ ਤੋਪਾਂ ਦੇ ਬੁਛਾੜ ਵਿਚਿ ਪਹਾੜ ਦੀ ਨਿਆਈਂ ਅਚੱਲ ਤੇ ਅਹਿੱਲ ਸਮਾਧੀ ਵਿਚਿ ਇਸਥਿਤ ਬਿਠਾਈ ਰੱਖਿਆ ? ਉਹ ਕਿਹੜੀ ਅਗੰਮੀ ਕਲਾ ਹੈ ਜਿਸ ਨੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰੇ ਜਾਂਦਿਆ ਤੇ ਭਾਈ ਦਿਆਲਾ ਜੀ ਨੂੰ ਤਪਦੇ ਕੜਾਹੇ ਵਿਚ ਉਬਲਦਿਆਂ, ਸਮਾਨ ਬਿਰਤ ਤੇ ਕਸ਼ਟ ਮਹਿਸੂਸ ਕਰਨੋਂ ਰਹਿਤ ਰੱਖਿਆ ? ਉਹ ਕਿਹੜੀ ਕ੍ਰਿਸ਼ਮੇ ਵਾਲੀ ਕਉਤਕ-ਕਲਾ ਹੈ ਜਿਸ ਨੇ ਕਿ ਅੰਗ ਅੰਗ ਜੁਦਾ ਹੁੰਦਿਆਂ ਭਾਈ ਮਨੀ ਸਿੰਘ ਜੀ ਨੂੰ ਅਤੇ ਚਰਖੜੀ ਉਤੇ ਚੜ੍ਹ ਕੇ ਜਰਖੜੇ ਜਾਂਦੇ ਭਾਈ ਸੁਬੇਗ ਸਿੰਘ ਜੀ ਆਦਿਕ ਨੂੰ ਸੀ ਤੱਕ ਉਚਾਰਨ ਦਾ ਫੁਰਨਾ ਨਹੀਂ ਫੁਰਨ ਦਿੱਤਾ? ਇਹ ਕੇਵਲ ਓਹੋ ਪੱਕ ਚੁੱਕੀ ਪ੍ਰਬਲ ਨਾਮ ਮਹਾਂ ਰਸ ਦੀ ਲਿਵਤਾਰ ਹੈ। ਇਹ ਮਹਾਂ-ਅਨੰਦ-ਰਸੀ ਗੰਭੀਰਤਾ ਦੀ ਆਤਮ ਮੌਜ ਹੈ। ਇਹ ਚੜ੍ਹਦੀਆਂ ਕਲਾਂ ਵਾਲੀ ਸੂਰਬੀਰਤਾ ਦੀ ਬਿਰਤੀ ਹੈ। ਇਹ ਦੁਖੁ ਸੁਖ ਸਮ ਕਰ ਜਾਨਣ ਵਾਲੀ ਸੱਚੀ ਸ਼ਾਂਤ-ਸਮਾਈ ਹੈ। ਇਹ ਆਤਮ-ਰੰਗਾਂ ਦੀ ਉਚੀ ਬਿਵਸਥਾ ਹੈ। ਇਹ ਸੱਚੀ ਭੈ-ਭਾਵਨੀ ਤੋਂ ਉਪੰਨਾ ਨਿਰਭੈ ਪਦ ਹੈ। ਐਸੀ ਅਤੇ ਐਨ ਇਸ ਪ੍ਰਕਾਰ ਦੀ ਗਤੀ ਪ੍ਰਾਪਤ ਹੋਏ ਬਗੈਰ ਸੱਚਾ ਬੀਰ ਰਸ ਤੇ ਪਰਉਪਕਾਰ ਰਤੰਨਾ ਬੀਰ ਰਸ ਬਣ ਆਉਂਦਾ ਅਸੰਭਵ ਹੈ। ਏਥੇ ਬੀਰ ਰਸ ਤੇ ਸ਼ਾਂਤ ਰਸ ਅਭੇਦ ਹੈ। ਇਹ ਹੈ ਕਲਗੀਧਰ ਪਾਤਸ਼ਾਹ ਦੀ ਨਾਮ ਦੇ ਖੰਡੇ ਤੇ ਸਰਬ ਲੋਹੀ ਖੰਡੇ ਦੀ ਫ਼ਿਲਾਸਫ਼ੀ, ਜਿਸ ਨੂੰ ਅਹਿੰਸਾਵਾਦੀ ਬੋਧੀ ਜੈਨੀ ਆਦਿ ਸਮਝਣ ਤੋਂ ਅਸਮਰੱਥ ਹਨ।

## ਰਹਿਤ ਦੀ ਲੋੜ

*"ਇਸ ਵਿਚ ਸੰਦੇਹ ਨਹੀਂ ਕਿ ਸਤਿਗੁਰੂ ਦਾ ਹਰ ਇਕ ਹੁਕਮ ਕਮਾਵਣਾ ਹੀ ਗੁਰੂ ਕੀ ਰਹਿਤ ਦੀ ਪਾਲਣਾ ਹੈ ਅਤੇ ਸਭ ਤੋਂ ਮੁਖੀ ਹੁਕਮ ਨਾਮ-ਅਭਿਆਸ ਕਮਾਈ ਕਰਨਾ ਹੈ ਪਰ ਗੁਰੂ ਕੀ ਰਹਿਤ ਰਹਿਣੀ ਨਾਮ ਅਭਿਆਸ ਦੇ ਸਾਧਨਾ ਦੇ ਸਹਾਈ ਕਰਮ, ਪਰਮਾਰਥ ਔਜੀ ਕਰਮ ਹਨ। ਜੋ ਬੰਦੇ ਛੋਟੇ ਹੁਕਮਾ ਦੇ ਕਾਇਲ ਅਤੇ ਧਾਰਨੀ ਨਹੀਂ ਹੋ ਸਕਦੇ ਉਹ ਐਡੇ ਵੱਡੇ ਹੁਕਮ ਕਮਾਵਣ ਦੇ ਧਾਰਨੀ ਕਿਸ ਤਰ੍ਹਾਂ ਹੋ ਸਕਦੇ ਹਨ ? ਅਤੇ ਜੀਹਨਾਂ ਨੇ ਐਡੇ ਵੱਡੇ ਹੁਕਮ 'ਨਾਮ' ਨੂੰ ਕਮਾਵਣ ਨੂੰ ਦੀ ਡੀਂਗ ਮਾਰੀ ਹੈ। ਓਹਨਾਂ ਨੂੰ ਰਹਿਤ ਬਹਿਤ ਰੱਖਣ ਵਿਚ ਦੱਸੋ ਕੀ ਵੱਢ ਪੈਂਦੀ ਹੈ ?*

(ਪੁਸਤਕ "ਅੰਮ੍ਰਿਤ ਕਲਾ" ਕ੍ਰਿਤ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵਿਚੋਂ)



www.AKJ.Org

# ਹੋਲੀ ਅਤੇ ਹੋਲਾ ਮਹੱਲਾ

(ਗਿਆਨੀ ਸੁਰਜੀਤ ਸਿੰਘ)

ਹੋਲੀ ਭਾਰਤ ਦਾ ਇਕ ਮਿਥਿਹਾਸਕ ਅਤੇ ਪੌਰਾਣਿਕ ਤਿਉਹਾਰ ਹੈ ਅਤੇ ਇਸਦਾ ਮੂਲ ਸੰਬੰਧ ਬ੍ਰਾਹਮਣ ਮੱਤ ਰਾਹੀਂ ਪ੍ਰਚੱਲਤ ਵਰਣ ਵੰਡ ਨਾਲ ਹੈ, ਜਦਕਿ ਹੋਲੇ ਮਹੱਲੇ ਦਾ ਆਰੰਭ ਸੰਨ ੧੬੮੦ ਵਿੱਚ ਅਨੰਦਪੁਰ ਸਾਹਿਬ ਵਿਖੇ ਲੋਹਗੜ੍ਹ ਦੇ ਸਥਾਨ 'ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪ ਕੀਤਾ। ਇਹਨਾਂ ਦੋਹਾਂ ਤਿਉਹਾਰਾਂ ਦੀ ਵਿਚਾਰਧਾਰਾ ਪੱਖੋਂ ਆਪਸ ਵਿਚ ਭਿੰਨਤਾ ਹੈ। ਗੁਰੂ-ਘਰ ਵਿਚ ਗੁਰੂ ਦੀਆਂ ਸੰਗਤਾਂ ਵਾਸਤੇ ਜਿੱਥੇ ਹੋਲੀ ਨੂੰ ਇਸਦੇ ਪ੍ਰਚੱਲਤ ਢੰਗ ਨਾਲ ਖੇਡਣ ਤੋਂ ਪੂਰੀ ਤਰ੍ਹਾਂ ਮਨ੍ਹਾਂ ਕੀਤਾ ਗਿਆ ਹੈ ਉਥੇ ਹੋਲੇ ਮਹੱਲੇ ਦਾ ਸਿਧਾਂਤ ਪੇਸ਼ ਕਰਦੇ ਹੋਏ, ਹੋਲੀ ਨੂੰ ਵੀ ਨਵੇਂ ਅਤੇ ਸੁਲਝੇ ਰੂਪ ਵਿਚ ਪੇਸ਼ ਕੀਤਾ ਗਿਆ ਹੈ।

ਹੋਲਾ ਮਹੱਲਾ ਸੰਬੰਧੀ ਪੰਥ ਦੇ ਮਹਾਨ ਵਿਦਵਾਨ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ ਨੇ ਇਸਨੂੰ ਇਸ ਤਰ੍ਹਾ ਲਿਖਿਆ ਹੈ:– "ਯੁੱਧ ਵਿਦਿਆ ਦਾ ਅਭਿਆਸ ਨੂੰ ਨਿੱਤ ਨਵਾਂ ਰੱਖਣ ਵਾਸਤੇ ਕਲਗੀਧਰ ਜੀ ਦੀ ਚਲਾਈ ਹੋਈ ਰੀਤ ਅਨੁਸਾਰ ਚੇਤ ਵਦੀ ੧ ਨੂੰ ਸਿੱਖਾਂ ਵਿਚ ਹੋਲਾ ਮਹੱਲਾ ਹੁੰਦਾ ਹੈ ਜਿਸ ਦਾ ਹੋਲੀ ਦੀ ਰਸਮ ਨਾਲ ਕੋਈ ਸੰਬੰਧ ਨਹੀਂ। ਮਹੱਲਾ ਇਕ ਪ੍ਰਕਾਰ ਦੀ ਮਸਨੂਈ ਲੜਾਈ ਹੈ। ਪੈਦਲ, ਘੋੜ-ਸਵਾਰ ਤੇ ਸ਼ਸਤਰਧਾਰੀ ਸਿੰਘ ਦੋ ਪਾਸਿਆਂ ਤੋਂ ਇਕ ਖਾਸ ਹਮਲੇ ਦੀ ਥਾਂ ਉਤੇ ਹਮਲਾ ਕਰਦੇ ਹਨ। ਕਲਗੀਧਰ ਜੀ ਆਪ ਇਸ ਬਨਾਉਟੀ ਲੜਾਈ ਨੂੰ ਵੇਖਦੇ ਅਤੇ। ਦੋਹਾਂ ਦਲਾਂ ਨੂੰ ਲੋੜੀਂਦੀ ਸ਼ੁਭ ਸਿਖਿਆ ਦਿਆ ਕਰਦੇ ਹਨ। ਜਿਹੜਾ ਦਲ ਜੇਤੂ ਹੁੰਦਾ ਉਸਨੂੰ ਦੀਵਾਨ 'ਚ ਸਿਰੋਪਾ ਬਖ਼ਸ਼ਦੇ ਹਨ। ਪਰ ਅਸੀਂ ਸਾਲ ਪਿਛੋਂ ਇਹ ਰਸਮ ਨਾਮ ਮਾਤ੍ਰ ਕਰ ਛੱਡਦੇ ਹਾਂ, ਲਾਭ ਕੁਝ ਨਹੀਂ ਉਠਾਉਂਦੇ, ਹਲਾਂਕਿ ਸ਼ਸਤਰ-ਵਿਦਿਆ ਤੋਂ ਅਨਜਾਣ ਸਿੱਖ, ਖਾਲਸਾ ਧਰਮ ਦੇ ਨਿਯਮਾਂ ਅਨੁਸਾਰ ਅਧੂਰਾ ਸਿੱਖ ਹੈ ।"

ਇਸੇ ਵਿਸ਼ੇ 'ਤੇ ਭਾਈ ਸਾਹਿਬ ਹੋਰ ਲਿਖਦੇ ਹਨ :– ਸ਼ੋਕ ਹੈ ਕਿ ਹੁਣ ਸਿੱਖਾਂ ਨੇ ਸ਼ਸਤਰ ਵਿਦਿਆ ਨੂੰ ਆਪਣੀ ਕੌਮੀ ਵਿਦਿਆ ਨਹੀਂ ਸਮਝਿਆ, ਸਿਰਫ ਫੌਜੀਆਂ ਦਾ ਕਰਤੱਬ ਮੰਨ ਲਿਆ ਹੈ ਜਦਕਿ ਦਸਮੇਸ਼ ਜੀ ਦਾ ਉਪਦੇਸ਼ ਹੈ ਕਿ ਹਰ ਇੱਕ ਸਿੱਖ ਪੂਰਾ ਸਿਪਾਹੀ ਹੋਵੇ ਅਤੇ ਸ਼ਸਤਰ ਵਿਦਿਆ ਦਾ ਅਭਿਆਸ ਕਰੇ।"

ਇਸ ਵਿਆਖਿਆ ਤਾਂ ਇਹ ਗੱਲ ਭਲੀ-ਭਾਂਤ ਸਪਸ਼ਟ ਹੋ ਜਾਂਦੀ ਹੈ ਕਿ ਭਾਵੇਂ ਕਿਤਨੀ ਵੀ ਜੰਗਜੂ ਕੌਮ ਜਾਂ ਜਥੇਬੰਦੀ ਹੋਵੇ, ਹਰ ਵਕਤ ਜਾਂ ਹਰ ਸਮੇਂ ਤਾਂ, ਜੰਗਾਂ ਜੁਧਾਂ ਵਿਚ ਨਹੀਂ ਰਹਿੰਦੀ। ਸਰਕਾਰੀ ਫ਼ੌਜਾਂ ਵੀ ਸ਼ਸਤਰਾਂ ਦੀ ਵਰਤੋਂ ਕਿਸੇ ਦੁਸ਼ਮਣ ਦੇ ਜਾਂ ਉਸ 'ਤੇ ਹਮਲੇ ਸਮੇਂ ਹੀ ਕਰਦੀਆਂ ਹਨ, ਹਰ ਸਮੇਂ ਨਹੀਂ। ਪਰ ਉਹਨਾਂ ਦੇ ਯੁੱਧ ਤੇ ਸ਼ਸਤਰ ਅਭਿਆਸ ਤਾਂ ਕਦੇ ਵੀ ਬੰਦ ਨਹੀਂ ਕੀਤੇ ਜਾਂਦੇ। ਛੇਵੇਂ ਪਾਤਸ਼ਾਹ ਨੇ ਪੰਥ ਨੂੰ ਬਾਕਾਇਦਾ ਸ਼ਸਤਰਧਾਰੀ ਕੀਤਾ ਅਤੇ ਹਕੂਮਤ ਨਾਲ ਚਾਰ ਜੰਗਾਂ ਲੜੀਆਂ। ਚੋਹਾਂ ਵਿਚ ਹੀ ਆਪ ਜੀ ਨੇ ਫ਼ਤਹਿ ਹਾਸਲ ਕੀਤੀ। ਗੁਰਗੱਦੀ ਸੌਂਪਣ ਸਮੇਂ ਆਪ ਜੀ ਨੇ ਗੁਰੂ ਹਰਿ ਰਾਇ ਸਾਹਿਬ ਜੀ ਨੂੰ ੨੨੦੦ ਸ਼ਸਤਰਧਾਰੀ ਘੋੜ ਸਵਾਰ ਫ਼ੌਜ ਦੀ ਸਪੁਰਦਗੀ ਕੀਤੀ ਅਤੇ ਨਾਲ ਹੀ ਹੁਕਮ ਕੀਤਾ ਕਿ ਇਹਨਾਂ ਨੂੰ ਬਾਕਾਇਦਾ ਕਾਇਮ ਰੱਖਣਾ ਹੈ। ਸਪਸ਼ਟ ਹੈ ਕਿ ਜੋ ਸਪਸ਼ਟ ਹੈ ਕਿ ਜੇ ਫ਼ੌਜਾਂ ਕਾਇਮ ਰੱਖਣਾ ਹੈ ਤਾਂ ਉਹਨਾਂ ਦੇ ਅਭਿਆਸ ਵੀ ਚਲਦੇ ਹੀ ਰਹਿਣੇ ਹਨ। ਅੰਤ ਦਸਵੇਂ ਪਾਤਸ਼ਾਹ ਨੇ ਕੌਮ ਦੇ ਬਾਕਾਇਦਾ ਜੁਝਾਰੂ ਹੋਣ ਦਾ ਐਲਾਨ ਕਰ ਦਿਤਾ ਅਤੇ ਕ੍ਰਿਪਾਨ ਨੂੰ ਪੰਜਾਂ ਕਕਾਰਾਂ ਵਿਚ ਸ਼ਾਮਲ ਕਰ ਸਿੱਖੀ ਪਹਿਰਾਵੇ ਦਾ ਸਦਾ ਵਾਸਤੇ ਅੰਗ ਬਣਾ ਦਿਤਾ। ਫਿਰ ਇਹ ਨਿਯਮ ਵੀ ਪੱਕਾ ਕਰ ਦਿਤਾ ਕਿ ਸਿੱਖ ਸ਼ਸਤਰ-ਵਿਦਿਆ ਦਾ ਅਭਿਆਸ ਕਰਦੇ ਰਹਿਣ। ਇਸਤੋਂ ਵੱਡਾ ਹੋਰ ਕੋਈ ਸਬੂਤ ਨਹੀਂ ਕਿ ਅੰਮ੍ਰਿਤ ਦਾ ਢੰਗ ਚਰਣ ਪਾਹੁਲ ਤੋਂ ਖੰਡੇ ਦੀ ਪਾਹੁਲ ਵਿਚ ਤਾਂ ਬਦਲਿਆ ੧੬੯੯ ਨੂੰ, ਪਰ ਹੋਲਾ ਮਹੱਲਾ ਆਰੰਭ ਕੀਤਾ ੧੬੮੦ ਵਿਚ ਅਰਥਾਤ ਉਸ ਤੋਂ ੧੯ ਸਾਲ ਪਹਿਲਾਂ।

ਹੋਲਾ ਅਤੇ ਮਹੱਲਾ ਤਰਤੀਬਵਾਰ ਅਰਬੀ ਫ਼ਾਰਸੀ ਦੇ ਸ਼ਬਦ ਹਨ ਜਿਨ੍ਹਾਂ ਦੇ ਕ੍ਰਮਵਾਰ ਅਰਥ 'ਹਮਲਾ' ਅਤੇ 'ਹਮਲੇ' ਦੀ ਥਾਂ ਹਨ। ਇਹ ਵੀ ਠੀਕ ਹੈ ਭਾਵੇਂ ਕਿ ਕਿਰਪਾਨ ਨੂੰ ਪਾਤਸ਼ਾਹ ਨੇ ਕਕਾਰਾਂ ਦੀ ਗਿਣਤੀ ਵਿਚ ਸਿੱਖੀ ਪਹਿਰਾਵੇ ਦਾ ਪੱਕਾ ਅੰਗ ਬਣਾ ਦਿਤਾ ਪਰ ਜੰਗਾਂ-ਜੁਧਾਂ ਵਿਚ ਜੋ ਵੀ ਉਸ ਸਮੇਂ ਦੇ ਨਵੇਂ ਹਥਿਆਰ



www.AKJ.Org

ਸਨ, ਉਹਨਾਂ ਦੀ ਵਰਤੋਂ ਵਾਸਤੇ ਸਭ ਤੋਂ ਅੱਗੇ ਰਹੇ। ਸਾਨੂੰ ਆਧੁਨਿਕ ਹਥਿਆਰਾਂ ਦੀ ਵਰਤੋਂ ਅਤੇ ਅਨੁਸ਼ਾਸਿਤ ਬਾਣੇ ਦੇ ਤੌਰ ਤੇ ਕਿਰਪਾਨ ਦੇ ਆਪਸੀ ਸੰਬੰਧ ਨੂੰ ਸਮਝਣਾ ਚਾਹੀਦਾ ਹੈ। ਉਂਝ ਵੀ ਕ੍ਰਿਪਾਨ ਇਕ ਅਜੇਹਾ ਸ਼ਸਤਰ ਹੈ ਜੋ ਸ਼ੋਚ-ਸਨਾਨ ਸਮੇਂ ਵੀ ਸਰੀਰ ਦੇ ਨਾਲ ਰਹਿ ਸਕਦਾ ਹੈ ਜਦਕਿ ਬਾਕੀ ਕਿਸੇ ਸ਼ਸਤਰ ਤੇ ਇਹ ਨਿਯਮ ਲਾਗੂ ਨਹੀਂ ਹੁੰਦਾ। ਕਿਰਪਾਨ ਦੀ ਇਕ ਹੋਰ ਵਿਲੱਖਣਤਾ ਵੀ ਗੁਰੂ ਸਾਹਿਬ ਨੇ ਪੈਦਾ ਕੀਤੀ ਹੈ।

ਕਿਰਪਾਨ ਵਾਸਤੇ ਤਲਵਾਰ ਅਤੇ ਖੜਗ ਆਦਿ ਅਨੇਕਾਂ ਨਾਮ ਪਹਿਲਾਂ ਤੋਂ ਪ੍ਰਚਲਤ ਸਨ। ਸੋਚਣ ਦਾ ਵਿਸ਼ਾ ਇਹ ਹੈ ਕਿ ਪਾਤਸ਼ਾਹ ਨੂੰ ਇਹ ਨਵਾਂ ਨਾਮ ਇਸ ਸ਼ਸਤਰ ਵਾਸਤੇ ਦੇਣ ਦੀ ਕੀ ਲੋੜ ਪਈ? ਇਸ ਸਬੰਧ ਵਿਚ ਇਹ ਯਾਦ ਰਹੇ ਕਿ ਕਿਰਪਾਨ ਧਾਰਨ ਕਰਨ ਵਾਲੇ ਨੂੰ ਦੋ ਪੱਖੋਂ ਹਰ ਵਕਤ ਚੇਤਾਵਨੀ ਮਿਲਦੀ ਹੈ ਕਿ ਉਸਨੇ ਜੋ ਸ਼ਸਤਰਧਾਰੀ ਹੋਣਾ ਹੈ ਤਾਂ ਕਾਹਦੇ ਵਾਸਤੇ? ਕਿਰਪਾਨ ਦਾ ਨਵਾਂ ਸ਼ਬਦ ਪਾਤਸ਼ਾਹ ਨੇ ਦੋ ਸ਼ਬਦਾਂ – ਕ੍ਰਿਪਾ+ਆਨ, ਦੀ ਸੰਧੀ ਤੋਂ ਬਖਸ਼ਿਆ ਹੈ, ਭਾਵ ਗੁਰੂ ਦੇ ਸਿੱਖ ਨੇ ਜਦੋਂ ਕਿਰਪਾਨ ਅਥਵਾ ਆਪਣੇ ਸ਼ਸਤਰਾਂ ਨੂੰ ਹੱਥ ਪਾਉਣਾ ਹੈ ਤਾਂ ਉਸਦੇ ਸਾਹਮਣੇ ਦੋ ਗੱਲਾਂ ਵਿਚੋਂ ਇਕ ਕਾਰਣ ਅਵੱਸ਼ ਹੋਣਾ ਚਾਹੀਦਾ ਹੈ। ਜਾਂ ਤਾ ਕ੍ਰਿਪਾ ਭਾਵ ਮਜ਼ਲੂਮ ਦੀ ਰਾਖੀ ਅਥਵਾ ਦੁਸ਼ਟ ਦੀ ਸੁਧਾਈ ਵਾਸਤੇ ਜਾਂ ਫਿਰ ਆਪਣੀ ਪੰਥ-ਲੋਕਾਈ ਦੀ ਆਨ ਤੇ ਸ਼ਾਨ ਵਾਸਤੇ।

ਹੋਲੇ ਮਹੱਲੇ ਦਾ ਮਹੱਤਵ ਹੋਰ ਵੀ ਸਪਸ਼ਟ ਹੋ ਜਾਂਦਾ ਹੈ ਜਦੋਂ ਅਸੀਂ ਸਿੱਖੀ ਦੇ ਮੂਲ ਸਿਧਾਂਤ 'ਦੇਗ-ਤੇਗ ਫਤਹਿ' ਵਾਲੇ ਸ਼ਬਦਾਂ ਬਾਰੇ ਸੋਚਦੇ ਹਾਂ। ਗੁਰੂ ਦੀਆਂ ਸੰਗਤਾਂ ਨੂੰ ਜਿਥੇ ਕੜਾਹ ਪ੍ਰਸ਼ਾਦ, ਗੁਰੂ ਕਾ ਲੰਗਰ ਆਦਿ ਨੂੰ ਦੇਗ ਜਾਂ ਦੇਗਾ ਕਿਹਾ ਹੈ ਉਥੇ ਨਾਲ ਹੀ ਨਿਯਮ ਹੈ ਕਿ ਬਿਨਾਂ ਕ੍ਰਿਪਾਨ ਭੇਟ ਦੇ ਕੜਾਹ ਪ੍ਰਸ਼ਾਦ ਦੀ ਦੇਗ ਵੀ ਨਹੀਂ ਵਰਤਾਉਣੀ ਅਤੇ ਨਾ ਹੀ ਛਕਣੀ ਹੈ। ਗੁਰੂ-ਘਰ ਵਿਚ ਸਿੱਖ ਧਰਮ ਦੇ ਮੂਲ ਸਿਧਾਂਤ ਦੇਗ-ਤੇਗ ਫਤਹਿ ਦੇ ਆਧਾਰ ਤੇ ਕ੍ਰਿਪਾਨ ਭੇਟ ਦਾ ਨਿਯਮ ਹੈ ਤਾਂ ਜੋ ਗੁਰਸਿੱਖ ਸ਼ਸਤਰਾਂ ਨੂੰ ਭੁੱਲਕੇ ਦੇਗਾਂ ਵਾਸਤੇ ਹੀ ਨਾ ਰਹਿ ਜਾਣ। ਤੇਗ ਭਾਵ ਸ਼ਸਤਰਾਂ ਨੂੰ ਭੁਲਾ ਕਰਕੇ ਗੁਰੂ-ਘਰ ਦੀਆਂ ਸੰਗਤਾਂ ਨੂੰ ਦੇਗ ਛਕਣ ਦਾ ਵੀ ਹੱਕ ਨਹੀਂ।

ਗੁਰਬਿਲਾਸ ਪਾਤਸ਼ਾਹੀ ਦਸਵੀਂ ਅਧਿਆਯ ੨੩ ਵਿਚ ਸਿੱਖਾਂ ਵਾਸਤੇ ਇਸ ਬਾਰੇ ਦਸਵੇਂ ਪਾਤਸ਼ਾਹ ਵੱਲੋਂ ਹੁਕਮ ਇਸ ਪ੍ਰਕਾਰ ਹੈ :

ਪੁਨੰ ਸੰਗ ਸਾਰੇ ਪ੍ਰਭ ਜੀ ਸੁਨਾਈ। ਬਿਨਾ ਤੇਗ ਤੀਰੰ ਰਹੋ ਨਾਹ ਭਾਈ।
ਬਿਨਾ ਸਸਤ੍ਰ ਕੇਸੰ ਨਰੰ ਭੇਡ ਜਾਨੋ। ਗਹੇ ਕਾਨ ਤਾਕੋ ਕਿਤੈ ਲੈ ਸਿਧਾਨੋ।੯੮।
ਇਹੈ ਮੋਰ ਆਗਿਆ ਸੁਨੋ ਲੈ ਪਿਆਰੇ। ਬਿਨਾ ਤੇਗ ਕੇਸੰ ਦਿਵੇ ਨ ਦਿਦਾਰੇ।
ਇਹੈ ਮੋਰ ਬੈਨਾ ਮੰਨੋਗਾ ਸੁ ਜੋਈ। ਤਿਸੇ ਇਛ ਪੂਰੰ, ਸਭੈ ਜਾਨ ਸੋਈ।
ਰਹਿਤਨਾਮਾ, ਭਾਈ ਦੇਸਾ ਸਿੰਘ ਜੀ ਵਿਚ ਹੁਕਮ ਹਨ :
ਸ਼ਸਤ੍ਰਹੀਨ ਇਹ ਕਬਹੂ ਨਹਿ ਕੋਈ।। ਰਹਿਤਵੰਤ ਖਾਲਸਾ ਸੋਈ।
"ਕਛ ਕ੍ਰਿਪਾਨ ਨ ਕਬਹੂੰ ਤਿਆਗੈ। ਸਨਮੁਖ ਲਰੈ ਨ ਰਣ ਤੇ ਭਾਗੈ ।੧੫।"

ਹੋਰ ਲਵੋ – ਗੁਰ ਪ੍ਰਤਾਪ ਸੂਰਜ, ਰੁਤ ੩ ਅਧਿਆਯ ੨੩– ਦਸਮੇਸ਼ ਜੀ ਦਾ ਖਾਲਸੇ ਨੂੰ ਹੁਕਮ :

"ਸ਼ਸਤ੍ਰਨਿ ਕੇ ਅਧੀਨ ਹੈ ਰਾਜ। ਜੋ ਨ ਧਰਹਿ ਤਿਸ ਬਿਗਰਹਿ ਕਾਜ ।।੬।।
ਯਾਂ ਤੇ ਸਰਬ ਖਾਲਸਾ ਸੁਨੀਅਹਿ। ਆਯੁਧ ਧਰਿਬੇ ਉਤਮ ਗੁਨੀਅਹਿ ।
ਜਬਿ ਹਮਰੇ ਦਰਸ਼ਨ ਕੋ ਆਵਹੁ। ਬਨਿ ਸੁਚੇਤ ਤਨ ਸ਼ਸਤ੍ਰ ਸਜਾਵਹੁ ।੭।
ਕਮਰ ਕਸਾ ਕਰਿ ਦੇਹੁ ਦਿਖਾਈ। ਹਮਰੀ ਖੁਸ਼ੀ ਹੋਇ ਅਧਿਕਾਈ ... ।।੮।।"

ਸਾਡਾ ਇਹ ਸਭ ਦੇਣ ਦਾ ਮਤਲਬ ਇਹ ਸਾਬਤ ਕਰਨਾ ਹੈ ਕਿ "ਹੋਲੇ ਮਹੱਲੇ" ਦੇ ਤਿਉਹਾਰ ਦਾ ਵਿਸ਼ੇਸ਼ ਮਹੱਤਵ ਹੈ। ਜਿਵੇਂ ਕਿ ਸਮਕਾਲੀ ਲਿਖਾਰੀ ਅਤੇ ਸਾਰੇ ਸਿੱਖ ਇਤਿਹਾਸਕਾਰ ਇਸ ਬਾਰੇ ਇੱਕ ਮੱਤ ਹਨ ਕਿ ਪਾਤਸ਼ਾਹ ਵੱਲੋਂ ਸਿੱਖਾਂ ਵਾਸਤੇ ਕੇਸਾਧਾਰੀ ਅਤੇ ਸ਼ਸਤਰਧਾਰੀ ਹੋਣਾ ਸਭ ਤੋਂ ਜ਼ਰੂਰੀ ਸਪਸ਼ਟ


www.AKJ.Org

ਹੈ ਅਤੇ ਇਸੇ ਤਰ੍ਹਾਂ ਇਸ ਸ਼ਸਤਰ ਅਭਿਆਸ ਨੂੰ ਪੱਕਾ ਕਰਨ ਵਾਸਤੇ ਉਹਨਾਂ ਨੂੰ ਹੋਲੇ ਮਹੱਲੇ ਦਾ ਤਿਉਹਾਰ ਆਪ ਆਰੰਭ ਕੀਤਾ। ਜਿੱਥੇ ਕਿ ਗੁਰਸਿੱਖ ਨੂੰ ਕੜਾਹ ਪ੍ਰਸ਼ਾਦ ਸਮੇਂ ਨਿਤਾਪ੍ਰਤੀ ਕ੍ਰਿਪਾਨ ਭੇਟ, ਦੇਗ ਦੀ ਸਾਂਝ ਦੇ ਨਾਲ ਉਸਨੂੰ ਉਸਦੀ ਸ਼ਸਤਰਾਂ ਨਾਲ ਸਾਂਝ, ਪ੍ਰਗਟ ਕਰਦੀ ਹੈ ਉਥੇ ਸਾਲ ਦੇ ਸਾਲ ਹੋਲਾ ਮਹੱਲਾ ਉਸਨੂੰ ਸ਼ਸਤਰ-ਅਭਿਆਸੀ ਬਣੇ ਰਹਿਣ ਦੀ ਵੀ ਚੇਤਾਵਨੀ ਦੇਂਦਾ ਹੈ। ਸ਼ਸਤਰਧਾਰੀ ਫ਼ੌਜਾਂ ਦਾ ਵੀ ਇਹੀ ਨਿਯਮ ਹੁੰਦਾ ਹੈ। ਕਿਸੇ ਵੀ ਦੇਸ਼ ਦੀਆਂ ਫ਼ੌਜਾਂ ਹਮੇਸ਼ਾਂ ਜੰਗਾ-ਜੁਧਾਂ 'ਤੇ ਨਹੀਂ ਚੜ੍ਹੀਆਂ ਰਹਿੰਦੀਆਂ ਪਰ ਸ਼ਸਤਰ-ਅਭਿਆਸ ਉਹਨਾਂ ਦੇ ਨਿੱਤ ਹੀ ਚਲਦੇ ਰਹਿੰਦੇ ਹਨ। ਜੁੱਧਾਂ ਸਮੇਂ ਇਹ ਅਭਿਆਸ ਰੂਪ ਤਿਆਰੀ ਹੀ ਅਸਲੀ ਜੁੱਧ ਦਾ ਆਧਾਰ ਹੁੰਦੀ ਹੈ। ਹੋਲੇ ਮਹੱਲੇ ਦਾ ਇਹੀ ਮਤਲਬ ਹੈ।

ਨਿਰਾ ਪੁਰਾ ਸ਼ਸਤਰਧਾਰੀ ਹੋਣਾ ਵੀ ਕਿਸੇ ਵਕਤ ਮਨੁੱਖ ਨੂੰ ਜ਼ਾਲਮ ਬਣਾ ਸਕਦਾ ਹੈ ਪਰ ਜਦੋਂ ਉਸਦੇ ਜੀਵਨ ਦੀ ਗੁੜ੍ਹਤੀ ਗੁਰਬਾਣੀ ਦੀ ਹੋਵੇ, ਸਾਰੇ ਸ਼ਸਤਰਾਂ ਦੀ ਪਹਿਚਾਣ ਉਸਨੂੰ ਕ੍ਰਿਪਾਨ ਤੋਂ ਅਰੰਭ ਕਰਵਾਈ ਹੋਈ ਹੋਵੇ ਜਿਸਦਾ ਮਤਲਬ ਹੀ ਉਸ ਲਈ ਮਜ਼ਲੂਮ ਦੀ ਰਾਖੀ ਅਤੇ ਅਣਖ ਨਾਲ ਜੀਣਾ ਹੋਵੇ, ਤਾਂ ਜ਼ਾਲਮ ਹੋਣ ਦੀ ਗੱਲ ਹੀ ਮੁੱਕ ਜਾਂਦੀ ਹੈ। ਫਿਰ ਉਸਨੂੰ ਇਸ ਬਾਰੇ ਦਸਵੇਂ ਪਾਤਸ਼ਾਹ ਦੀ ਬਾਕਾਇਦਾ ਹਦਾਇਤ ਵੀ ਹੈ:

"ਚੁ ਕਾਰ ਅਜ਼ ਹਮ:ਹੀਲਤੇ ਦਰਗੁਜ਼ਸ਼ਤ।

ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ ।੨੨ (ਜ਼ਫ਼ਰਨਾਮਾ)

ਭਾਵ ਹਥਿਆਰ ਦੀ ਵਰਤੋਂ ਤਾਂ ਹੀ ਜਾਇਜ਼ ਹੈ ਜਦੋਂ ਬਾਕੀ ਸਾਰੇ ਹੀਲੇ ਮੁੱਕ ਜਾਣ।

ਕਾਫੀ ਸਮੇਂ ਤੋਂ ਅਨ-ਅਧਿਕਾਰੀ ਪ੍ਰਚਾਰਕਾਂ ਦੇ ਕਾਰਣ ਹੌਲੀ ਹੌਲੀ ਪੰਥ ਦਾ ਵੱਡਾ ਹਿੱਸਾ ਅੰਮ੍ਰਿਤ ਤੋਂ ਟੁੱਟਾ ਪਿਆ ਹੈ, ਹਾਲਾਂਕਿ ਅੰਮ੍ਰਿਤ ਤਾਂ ਸਿੱਖੀ ਦਾ ਆਰੰਭ ਅਤੇ ਸਿੱਖ ਧਰਮ ਵਿਚ ਪ੍ਰਵੇਸ਼ ਹੈ। ਅੰਮ੍ਰਿਤ ਰਾਹੀਂ ਅਸੀਂ ਅਸਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰਨ ਕਰਨਾ ਹੈ ਕਿਉਂਕਿ ਨਿਗੁਰਾ, ਤਾਂ ਸਿੱਖ ਹੀ ਨਹੀਂ ਹੁੰਦਾ। ਅੰਮ੍ਰਿਤ ਤੋਂ ਟੁੱਟੇ ਅਸੀਂ ਕ੍ਰਿਪਾਨ ਤੋਂ ਵੀ ਲਾਪਰਵਾਹ ਹੁੰਦੇ ਗਏ ਅਤੇ ਆਹਿਸਤਾ-ਆਹਿਸਤਾ ਇਹ ਸਮਝਣਾ ਅਤੇ ਮੰਨਣਾ ਸ਼ੁਰੂ ਕਰ ਦਿਤਾ ਕਿ ਕ੍ਰਿਪਾਨ ਨੂੰ ਤਾਂ ਕੇਵਲ ਅੰਮ੍ਰਿਤਧਾਰੀ ਨੇ ਪਾਉਣਾ ਹੈ। ਹਾਲਾਂਕਿ ਅੰਮ੍ਰਿਤਧਾਰੀ ਹੋਣ ਤੋਂ ਪਹਿਲਾਂ ਸਾਡਾ ਪੰਜ ਕਕਾਰੀ ਹੋਣਾ ਜ਼ਰੂਰੀ ਹੈ ਅਤੇ ਪੰਜ ਕਕਾਰਾਂ ਵਿਚ ਕ੍ਰਿਪਾਨ ਪ੍ਰਧਾਨ ਕਕਾਰ ਹੈ।

ਅਸੀਂ ਸ਼ਸਤਰਧਾਰੀ ਹੋਣ ਤੋਂ ਹੀ ਲਾਪਰਵਾਹ ਹੋ ਗਏ ਤਾਂ ਹੋਲੇ ਮਹੱਲੇ ਦੀ ਸਮਝ ਹੀ ਕਿਵੇਂ ਆਉਂਦੀ? ਜਿੱਥੇ ਗੁਰਸਿੱਖ ਹੈ ਉਥੇ ਹੀ ਹੋਲੇ ਮਹੱਲੇ ਦਾ ਤਿਉਹਾਰ ਜ਼ਰੂਰੀ ਹੈ, ਭਾਵੇਂ ਪਾਤਸ਼ਾਹ ਨੇ ਇਸਨੂੰ ਲੋਹਗੜ੍ਹ ਸਾਹਿਬ ਤੋਂ ਹੀ ਆਰੰਭ ਕੀਤਾ ਸੀ। ਪਰ ਇਸ ਦਾ ਮਹੱਤਵ ਸਮਝਣਾ ਸਾਡੇ ਵਾਸਤੇ ਅਤਿ ਜ਼ਰੂਰੀ ਹੈ।

ਹੋਲੀ (ਫੱਗਣ ਸੁਦੀ ੧੧ ਤੋਂ ੧੪ ਤੀਕ) ਹੋਲੀ ਇਕ ਮਿਥਿਹਾਸਕ ਪੌਰਾਣਕ ਤਿਉਹਾਰ ਹੈ। ਬ੍ਰਾਹਮਣ ਮੱਤ ਅਨੁਸਾਰ ਵਰਣ-ਵੰਡ ਵਿਚ ਦ੍ਰਿੜ੍ਹਤਾ ਲਿਆਉਣ ਵਾਸਤੇ ਜਿੱਥੇ ਹਰ ਇਕ ਵਰਣ ਵਾਸਤੇ ਜੰਞੂ, ਜੰਞ ਪਾਉਣ ਦੇ ਢੰਗ ਅਤੇ ਸਮੇਂ ਸਭ ਵੱਖਰੇ ਵੱਖਰੇ, ਫਿਰ ਵਰਣਾ ਅਨੁਸਾਰ ਨਾਵਾਂ ਦੀ ਵੰਡ ਅਤੇ ਹੋਰ ਨਿਯਮ ਬਣਾਏ ਉਸੇ ਤਰ੍ਹਾਂ ਬ੍ਰਾਹਮਣ ਵਰਗ ਨੇ ਆਪਣੇ ਵਾਸਤੇ ਵੈਸਾਖੀ, ਵੈਸ਼ਾਂ ਵਾਸਤੇ ਦਿਵਾਲੀ, ਖੱਤਰੀਆਂ ਵਾਸਤੇ ਦੁਸਹਿਰਾ ਅਤੇ ਸ਼ੂਦਰਾਂ ਵਾਸਤੇ ਹੋਲੀ ਦਾ ਤਿਉਹਾਰ ਪ੍ਰਚਲਤ ਕੀਤਾ। ਮੂਲ ਰੂਪ ਵਿਚ ਇਹ ਬ੍ਰਾਹਮਣੀ ਤਿਉਹਾਰ ਹੈ।

ਇਕ ਪੌਰਾਣਿਕ ਕਥਾ ਅਨੁਸਾਰ ਹੰਕਾਰੀ ਰਾਜੇ ਹਰਨਾਖਸ਼ ਨੇ ਸ਼ਿਵ ਤੋਂ ਵਰ ਪ੍ਰਾਪਤ ਕੀਤਾ ਕਿ "ਅੰਦਰ ਜਾਂ ਬਾਹਰ ਦਿਨੇ ਜਾਂ ਰਾਤੀਂ, ਮਨੁੱਖ ਜਾਂ ਪਸ਼ੂ ਕਿਸੇ ਤੋਂ ਨਾ ਮਰਾਂ ।" ਅਜੇਹਾ ਵਰ ਪ੍ਰਾਪਤ ਕਰਕੇ ਵੱਡਾ ਜ਼ਾਲਮ ਬਣ ਗਿਆ ਅਤੇ ਉਸਨੇ ਐਲਾਨ ਕੀਤਾ ਕਿ ਕੋਈ ਪਰਮਾਤਮਾ ਨੂੰ ਨਾ ਜਪੇ ਅਤੇ ਸਾਰੇ ਉਸਦਾ ਜਾਪ ਕਰਨ। ਕਰਤੇ ਦੀ ਕਰਨੀ, ਘਰ ਵਿਚੋਂ ਹੀ, ਹਰਨਾਖਸ਼ ਦਾ ਪੁੱਤਰ ਪ੍ਰਹਿਲਾਦ ਇਸ ਗੱਲੋਂ ਵਿਰੋਧੀ ਹੋ ਗਿਆ ਅਤੇ ਉਹ ਰਾਮ ਰਾਮ ਜਪਣ ਅਤੇ ਪ੍ਰਚਾਰਨ ਲੱਗਾ। ਰਾਜੇ ਨੇ ਉਸਨੂੰ ਪਹਾੜ ਤੋਂ ਧੱਕ ਕੇ ਦਰਿਆ ਵਿਚ ਸਿੱਟ ਕੇ ਹਰ ਢੰਗ ਨਾਲ ਮਾਰਨ ਦਾ ਜਤਨ ਕੀਤਾ ਪਰ ਪ੍ਰਭੂ ਨੇ ਉਸਦੀ ਰੱਖਿਆ ਕੀਤੀ। ਅੰਤ ਹਰਨਾਖਸ਼ ਦੀ ਭੈਣ ਢੂੰਡਾ (ਹੋਲਿਕਾ) ਜਿਸਨੇ ਤਪ ਕਰਕੇ ਸ਼ਿਵ ਪਾਸੋਂ ਇਕ ਦੁੱਪਟਾ ਪ੍ਰਾਪਤ ਕਰ ਰਖਿਆ ਸੀ ਜਿਸਨੂੰ ਉਪਰ ਲੈਣ ਤੋਂ ਬਾਅਦ ਅੱਗ ਉਸ ਉਪਰ ਅਸਰ ਨਹੀਂ ਸੀ ਕਰ ਸਕਦੀ। ਹਰਨਾਖਸ਼ ਦੇ ਕਹੇ, 'ਤੇ ਹੋਲਿਕਾ


www.AKJ.Org

ਆਪਣੇ ਭਣੇਵੇਂ ਪ੍ਰਹਿਲਾਦ ਨੂੰ ਗੋਦੀ ਵਿੱਚ ਲੈ ਕੇ ਚਿਖਾ ਵਿਚ ਬੈਠ ਗਈ। ਕਰਤੇ ਦੀ ਕਰਨੀ ਕਿ ਵਰ ਵਾਲਾ ਦੁਪੱਟਾ ਹੋਲਿਕਾ ਤੋਂ ਉਡਕੇ, ਪ੍ਰਹਿਲਾਦ 'ਤੇ ਜਾ ਪਿਆ। ਹੋਲਿਕਾ ਸੜ ਕੇ ਰਾਖ ਹੋ ਗਈ ਅਤੇ ਪ੍ਰਹਿਲਾਦ ਫਿਰ ਵੀ ਬਚ ਗਿਆ। ਅੰਤ ਅੱਗ ਨਾਲ ਲਾਲ ਕੀਤੇ ਫੌਲਾਦ ਦੇ ਥੰਮ੍ਹ ਨਾਲ ਪ੍ਰਹਿਲਾਦ ਦੇ ਜੱਫਾ ਮਾਰਨ ਸਮੇਂ ਪ੍ਰਭੂ ਦੇ ਨਰਸਿੰਘ ਰੂਪ ਧਾਰ ਕੇ ਦਹਿਲੀਜ ਵਿੱਚ ਹਰਨਾਖਸ਼ ਨੂੰ ਦੋ-ਫਾੜ ਕਰ ਦਿੱਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਘਟਨਾ ਨਾਮਦੇਵ ਜੀ, ਅਤੇ ਤੀਜੇ ਪਾਤਸ਼ਾਹ ਦੀ ਬਾਣੀ ਵਿਚ ਦੋ ਵਾਰੀ (ਪੰਨਾ ੧੧੬੫ ਅਤੇ ੧੧੩੩) ਦਰਜ ਹੈ। ਇਹ ਘਟਨਾ ਲੋਕਾਈ ਨੂੰ ਇਹ ਸਮਝਾਉਣ ਵਾਸਤੇ ਹੈ ਕਿ ਮਨੁੱਖ ਭਾਵੇਂ ਕਿਤਨਾ ਵੀ ਜ਼ਾਲਮ ਜਾਂ ਹੰਕਾਰੀ ਹੋ ਜਾਂਵੇ, ਪ੍ਰਭੂ ਆਪਣੇ ਪਿਆਰਿਆਂ ਦੀ ਸਦਾ ਲਾਜ ਰੱਖਦਾ ਹੈ। ਚੇਤੇ ਰਹੇ ਕਿ ਕਥਾ ਅਨੁਸਾਰ ਇਹ ਕਹਾਣੀ ਕਹੇ ਜਾਂਦੇ ਸਤਿਜੁਗ ਦੀ ਹੈ ਅਤੇ ਉਦੋਂ ਦਸ਼ਰਥ ਪੁੱਤਰ ਰਾਮ ਤਾਂ ਅਜੇ ਪੈਦਾ ਵੀ ਨਹੀਂ ਸਨ ਹੋਏ। ਸੋ ਇਥੇ ਕਰਤਾ ਰਾਮ ਦੀ ਗੱਲ ਹੈ।

ਹੋਲੀ ਦਾ ਤਿਉਹਾਰ ਲਈ ਇਸ ਘਟਨਾ ਨੂੰ ਆਧਾਰ ਬਣਾ ਕਰਕੇ, ਰਾਤ ਨੂੰ ਹੋਲੀ ਜਲਾਈ ਜਾਂਦੀ ਹੈ ਅਤੇ ਰਾਖ ਨੂੰ ਹੋਲਿਕਾ ਦੀ ਰਾਖ ਮੰਨਕੇ ਸਵੇਰੇ ਉਸਨੂੰ ਉਡਾਇਆ ਜਾਂਦਾ ਹੈ। ਸ੍ਰੀ ਮਦ੍ਹ ਭਗਵਤ ਪੁਰਾਣ ਦੀ ਇਕ ਕਥਾ ਅਨੁਸਾਰ ਗੋਪੀਆਂ ਨੇ ਕ੍ਰਿਸ਼ਨ ਜੀ ਨਾਲ ਰੰਗ ਆਦਿ ਉਡਾ ਕਰਕੇ ਖੂਬ ਹੋਲੀ ਖੇਡੀ।

ਲੋਕੀ ਇਕ ਦੂਜੇ 'ਤੇ ਕੇਵਲ ਰੰਗ-ਗੁਲਾਲ ਹੀ ਨਹੀਂ, ਬਲਕਿ ਚਿੱਕੜ, ਗੋਹਾ, ਲੁੱਕ, ਗੰਦਗੀ ਆਦਿ ਸੁੱਟਕੇ ਇਸ ਤਿਉਹਾਰ ਨੂੰ ਬਹੁਤ ਗਲਤ ਢੰਗ ਨਾਲ ਮਨਾ ਰਹੇ ਸਨ। ਸ਼ਰਾਬਾਂ ਉਡਦੀਆਂ ਹਨ ਅਤੇ ਕਦੀ ਝਗੜੇ-ਫਸਾਦ ਲੜਾਈਆਂ ਤੇ ਕਤਲ ਤੀਕ ਹੁੰਦੇ ਹਨ, ਕਿਉਂਕਿ ਸ਼ਰਾਬ ਦੇ ਨਸ਼ੇ ਨਾਲ ਕਈ ਵਾਰੀ ਭੂਤਰੇ ਲੋਕ, ਇਸ ਵਿਗੜੇ ਹੋਏ ਵਾਤਾਵਰਣ ਦਾ ਆਪਣੇ ਢੰਗ ਨਾਲ ਪੂਰਾ ਲਾਭ ਉਠਾਉਂਦੇ ਹਨ। ਜਵਾਨ ਬੱਚੀਆ ਅਤੇ ਇਸਤਰੀਆਂ ਨਾਲ ਭੱਦੇ ਮਜ਼ਾਕ ਵੀ ਕੀਤੇ ਜਾਂਦੇ ਹਨ।

ਭਾਰਤ ਵਿਚ, ਸਭ ਤੋਂ ਵੱਧ ਹੋਲੀ ਬ੍ਰਿਜ, ਮਥੁਰਾ, ਗੋਕੁਲ ਵਿਚ ਖੇਡੀ ਜਾਂਦੀ ਹੈ ਅਤੇ ਧਾਰਮਿਕ-ਤਿਉਹਾਰ ਦੇ ਬਹਾਨੇ ਅਨੇਕਾਂ ਕਾਮ-ਉਕਸਾਊ, ਅਸ਼ਲੀਲ ਲੱਜਾਹੀਨ ਖੇਡਾਂ ਖੇਡੀਆਂ ਜਾਂਦੀਆਂ ਹਨ।

ਗੁਰੂ-ਘਰ ਵਿਚ ਹੋਲੀ ਦਾ ਤਿਉਹਾਰ ਰੰਗਾ-ਗੁਲਾਲਾ ਆਦਿ ਦੇ ਢੰਗ ਨਾਲ ਮਨਾਉਣਾ ਪੂਰੀ ਤਰ੍ਹਾ ਵਰਜਿਤ ਹੈ। ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਬਖ਼ਸ਼ੇ ਸੁੰਦਰ ਕੇਸਾਧਾਰੀ ਸਰੂਪ ਦੀ ਬੇ ਅਦਬੀ ਕਰਨ ਜਾਂ ਕਰਾਉਣ ਦਾ ਸਾਨੂੰ ਕੋਈ ਅਧਿਕਾਰ ਨਹੀਂ। ਹੋਲੀ ਦੇ ਇਸ ਢੰਗ ਨਾਲ ਗੁਰੂ-ਘਰ ਬਿਲਕੁਲ ਸਹਿਮਤ ਨਹੀਂ ਹੈ।

ਉਚੇਚੇ ਤੌਰ ਤੇ ਹੋਲੀ ਦੇ ਦਿਨਾ ਵਿਚ ਗੁਰੂ ਨਾਨਕ ਪਾਤਸ਼ਾਹ ਮਥੁਰਾ ਵਿਚ, ਜੋ ਹੋਲੀਆਂ ਦਾ ਗੜ੍ਹ, ਮੰਨਿਆ ਜਾਂਦਾ ਹੈ, ਪੁੱਜੇ। ਉਥੇ ਆਪ ਨੇ ਧਰਮ-ਤਿਉਹਾਰ ਦੇ ਪੱਜ ਲੋਕਾਈ ਵਿੱਚ ਖੇਡੀਆਂ ਜਾ ਰਹੀਆਂ ਅਸਭਯ ਖੇਡਾ ਤੋਂ ਲੋਕਾਂ ਨੂੰ ਮਨ੍ਹਾਂ ਕੀਤਾ ਅਤੇ ਸਮਝਾਇਆ। ਪਰ ਪਾਂਡਿਆ ਨੇ ਇਸਨੂੰ ਕਲਿਜੁਗ ਦਾ ਪ੍ਰਭਾਵ ਦੱਸਿਆ। ਉਥੇ ਪਾਤਸ਼ਾਹ ਨੇ 'ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ' ਵਾਲੇ ਸ਼ਬਦ ਰਾਹੀਂ ਸਮਝਾਇਆ ਕਿ ਸਤਿਜੁਗ, ਤ੍ਰੇਤਾ, ਕਲਿਜੁਗ ਆਦਿ ਕੋਈ ਸਮੇਂ ਦੀ ਵੰਡ ਨਹੀਂ। ਇਸ ਤਰ੍ਹਾਂ ਅਖੌਤੀ ਕਲਿਜੁਗ ਦਾ ਪੜਦਾ ਪਾ ਕਰਕੇ ਧਾਰਮਿਕ ਆਗੂ ਜਾਂ ਆਮ ਲੋਕਾਈ ਆਪਣੇ ਦੋਸ਼ਾਂ ਤੋਂ ਬਰੀ ਨਹੀਂ ਹੋ ਸਕਦੀ। ''ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀਂ।'' ਤਾ ਤੇ ਲੋੜ ਹੈ ਕਿ ਮਨੁੱਖ ਇਕ ਨੇਕ-ਪਰਉਪਕਾਰੀ ਮਨੁੱਖ ਬਣੇ ਅਤੇ ਆਪਣੇ ਜੀਵਨ ਨੂੰ ਸਫਲਾ ਕਰੇ। ਹਰ ਇਕ ਗੁਰਸਿੱਖ ਨੂੰ ਇਹ ਸ਼ਬਦ ਪੜ੍ਹਨਾ ਅਤੇ ਸਮਝਣਾ ਚਾਹੀਦਾ ਹੈ।

ਪੰਜਵੇਂ ਪਾਤਸ਼ਾਹ ਨੇ ਹੋਲੀ ਦੇ ਬਹਾਨੇ ਆਪਣੇ ਮੂੰਹ-ਸਿਰ ਲਾਲ-ਨੀਲੇ, ਕਾਲੇ-ਪੀਲੇ ਕਰਨ ਵਾਲੇ ਲੋਕਾਂ ਨੂੰ ਉਪਦੇਸ਼ ਦਿਤਾ :

ਗੁਰੁ ਸੇਵਉ ਕਰਿ ਨਮਸਕਾਰ॥ ਆਜੁ ਹਮਾਰੈ ਮੰਗਲਾਚਾਰ॥
ਆਜੁ ਹਮਾਰੈ ਮਹਾ ਅਨੰਦ॥ ਚਿੰਤ ਲਥੀ ਭੇਟੇ ਗੋਬਿੰਦ॥੧॥

(ਬਾਕੀ ਪੰਨਾ ੧੫ ਤੇ ...)


www.AKJ.Org

# ਕਵਿਤਾਵਾਂ

(ਭਾਈ ਗੁਰਭੇਜ ਸਿੰਘ ਜੀ ਬਾਦਸ਼ਾਹ ਪੁਰੀ)

## ਸਿੱਖ ਪੰਥ ਵੱਲ ਬੀੜੀਆਂ ਗੰਨਾਂ

ਸਿੱਖ ਕੌਮ ਦਾ ਬਹੁਤ ਅਮੀਰ ਵਿਰਸਾ,
ਇਸਨੂੰ ਚੋਰ ਚਾਰੇ ਪਾਸੇ ਲਾਉਣ ਸੰਨਾਂ।
ਨਾਸਤਕ ਟੋਲੇ ਬੋਲਦੇ ਨੇ ਨਿੱਤ ਧਾਵਾ,
ਸਿੱਖ ਪੰਥ ਵੱਲ ਬੀੜੀਆਂ ਆਣ ਗੰਨਾਂ।
ਜਾਲਮ ਲੋਕੀ ਚਲਾਉਂਦੇ ਨੇ ਡੰਗ ਜ਼ਹਿਰੀ,
ਨਾਗਾਂ ਦੇ ਵਾਂਗ ਫੁਲਾਈਆਂ ਆਣ ਫੰਨਾਂ।
ਸਿੱਖ ਕੌਮ ਉਤੇ ਛੁਰੀਆਂ ਚਲਾਉਣ ਪਾਪੀ,
ਖੂਨ ਪੀਂਵਦੇ ਵੈਰੀ ਭਰ ਭਰ ਛੰਨਾਂ ॥੧॥

ਪੰਥ ਦੇ ਵਾਰਸੋ ਕਰੀਏ ਸੰਭਾਲ ਆਪਾਂ,
ਵਿਰੋਧੀ ਸਾਡੇ ਉਪਰ ਰਹੇ ਬੋਲ ਧਾਵਾ।
ਇਤਿਹਾਸ ਨੂੰ ਜਾਲਮ ਤੋੜ ਮਰੋੜ ਪੇਸ ਕਰਦੇ,
ਲਾਲਚ ਦੀ ਖਾਤਰ ਵਿਰੋਧੀ ਚਾਹੁਣ ਮਾਵਾ।
ਅਕਾਲ ਤਖਤ ਤਾਂਈ ਨੀਵਾਂ ਦਿਖਾਉਣ ਖਾਤਰ,
ਸਿੱਖੀ ਅਸੂਲਾਂ ਨੂੰ ਇਹ ਲਾਉਣ ਢਾਵਾ।
ਖਾਲਸਾ ਪੰਥ ਤਾਂਈ ਖਤਮ ਕਰਨ ਲਈ,
ਗਲੇ ਕੌਮ ਦੇ ਨੂੰ ਇਹ ਪਾਉਣ ਬਾਹਵਾਂ॥੨॥

ਕਟਾਰਾਂ ਨਾਲ ਜਖਮੀ ਕੀਤਾ ਕੌਮ ਤਾਂਈ,
ਜੋ ਇਹਨਾਂ ਵਿਰੋਧੀ ਤੱਤ ਗੁਦਾਰਾਂ ਨੇ।
ਬਾਣੀ ਬਾਣੇ ਨੂੰ ਇਹ ਢਾਹ ਲਾਉਂਦੇ,
ਕੀਤਾ ਨੁਕਸਾਨ ਸੀ ਇਹਨਾਂ ਦੰਭੀ ਮਕਾਰਾਂ ਨੇ।
ਕੁਫਰ ਤੋਲਦੇ ਰਹਿਣ ਸਦਾ ਇਹ ਦੰਭੀ,
ਕਾਵਾਂ ਰੋਲਾ ਪਾਇਆ ਇਹਨਾਂ ਬਦਕਾਰਾਂ।
ਮਿੱਟੀ ਵਿੱਚ ਰੋਲਿਆ ਇਹਨਾਂ ਕੌਮ ਤਾਂਈ,
ਕੀਤਾ ਝੂਠਾ ਪ੍ਰਚਾਰ ਅਖੌਤੀ ਅਖਬਾਰਾਂ ਨੇ॥੩॥

ਆਓ ਕਰੀਏ ਟਾਕਰਾ ਇਹਨਾਂ ਤਾਕਤਾਂ ਦਾ,
ਉਠੀਏ ਸਿੰਘੋ ਆਪਾਂ ਵਾਂਗ ਤੂਫਾਨਾਂ ਦੇ।
ਸਿੱਖੀ ਅਸੂਲਾਂ ਦੀ ਸ਼ਾਨ ਵਧਾਉਣ ਖਾਤਰ,
ਗੁਮਾਨ ਤੋੜੀਏ ਰਲ ਇਹਨਾਂ ਸੈਤਾਨਾਂ ਦੇ।
ਉਚੀਆਂ ਬਾਜੀਆਂ ਲਾਉਂਦੇ ਹੰਕਾਰੀ ਬਾਜ ਜੋ,
ਇਹਨਾਂ ਉਪਰ ਝੱਪਟੀਏ ਵਾਂਗ ਤੂਫਾਨਾਂ ਦੇ ।
'ਬਾਦਸ਼ਾਹ ਪੁਰੀ' ਹੋ ਕੌਮ ਲਈ ਸੁਚੇਤ ਤੂੰ ਵੀ,
ਲਿਖਦਾ ਰਹੀ ਇਤਿਹਾਸ ਸੱਚ ਜੁਬਾਨਾਂ ਦੇ॥੪॥

• • • • • • • •

## ਸਰਬੰਸ ਦਾਨੀ

ਢੀਮ ਦਾ ਸਿਰਾਣਾ ਲਾ ਕੇ ਸੁੱਤਾ ਹੈ ਦਾਤਾਰ ਜੀ
ਧਰਮ ਦੀ ਖਾਤਰ ਦਿੱਤਾ ਵਾਰ ਪਰਵਾਰ ਸੀ

ਵਗਦੀਏ ਪੌਣੇ ਸੁੱਤੇ ਮਾਹੀ ਨੂੰ ਜਗਾਵੀਂ ਨਾ
ਜਾਗਦਾ ਹੈ ਕਈ ਰਾਤਾਂ ਸੁੱਤੇ ਨੂੰ ਬੁਲਾਵੀਂ ਨਾ
ਲਾ ਕੇ ਪਿਆ ਸੀਨੇ ਨਾਲ ਪਿਆਰੀ ਤਲਵਾਰ ਜੀ
ਢੀਮ ਦਾ ਸਿਰਾਣਾ ਲਾ ਕੇ ਸੁੱਤਾ ਹੈ ਦਾਤਾਰ ਜੀ

ਝੁਲੀਆਂ ਹਨੇਰੀਆਂ ਸੀ ਪ੍ਰੀਤਮ ਅਵਤਾਰ ਤੇ
ਛੱਡ ਪ੍ਰਵਾਰ ਗੁਰਾਂ ਸਿੱਖ ਵੀ ਨੇ ਤਾਰ ਤੇ
ਮਾਰ ਤਾੜੀ ਨਿਕਲੇ ਸੀ ਦਸਮੇਸ਼ ਅਵਤਾਰ ਜੀ
ਢੀਮ ਦਾ ਸਿਰਾਣਾ ਲਾ ਕੇ ਸੁੱਤਾ ਹੈ ਦਾਤਾਰ ਜੀ

ਪਏ ਹੋਏ ਛਾਲੇ ਪੈਰੀਂ ਦੁਖ ਨਾ ਮਨਾਂਵਦਾ
ਰਹਿ ਕੇ ਰਜਾ ਵਿੱਚ ਵਾਹਿਗੁਰੂ ਨੂੰ ਧਿਆਂਵਦਾ

ਕਰਦਾ ਏ ਸਾਰੀ ਖ਼ਲਕਤ ਤਾਈਂ ਹੈ ਪਿਆਰ ਜੀ
ਢੀਮ ਦਾ ਸਿਰ੍ਹਾਣਾ ਲਾ ਕੇ ਸੁੱਤਾ ਦਾਤਾਰ ਜੀ

ਪੈਦਲ ਤੁਰ ਪਏ ਛੱਡ ਤੈਨੂੰ ਨਿਮਾਣਿਆਂ
ਚਲਦਾ ਹੈ ਗੁਰੂ ਵਿੱਚ ਪ੍ਰਮੇਸਰ ਦੇ ਭਾਣਿਆਂ
ਘੋੜਾ ਲੈ ਕੇ ਆਇਆ ਨਿਗਾਹੀਆ ਸਰਦਾਰ ਜੀ
ਢੀਮ ਦਾ ਸਿਰ੍ਹਾਣਾ ਲਾ ਕੇ ਸੁੱਤਾ ਹੈ ਦਾਤਾਰ ਜੀ

ਝੱਲ ਕਈ ਦੁਖੜੇ ਪੰਥ ਨੂੰ ਬਚਾ ਲਿਆ
ਦਿੱਤਾ ਸਰਬੰਸ ਵਾਰ ਕਰਜਾ ਚੁਕਾ ਲਿਆ
ਤਾਂਈਓਂ 'ਬਾਦਸ਼ਾਹ ਪੁਰੀ' ਜਾਵੇ ਤੈਥੋਂ ਬਲਹਾਰ ਜੀ
ਢੀਮ ਦਾ ਸਿਰ੍ਹਾਣਾ ਲਾ ਕੇ ਸੁੱਤਾ ਹੈ ਦਾਤਾਰ ਜੀ

ਧਰਮ ਦੀ ਖਾਤਰ ਦਿੱਤਾ ਵਾਰ ਪਰਵਾਰ ਜੀ
ਢੀਮ ਦਾ ਸਿਰ੍ਹਾਣਾ ਲਾ ਕੇ ਸੁੱਤਾ ਹੈ ਦਾਤਾਰ ਜੀ

• • • • •


www.AKJ.Org

# ਅਹੰਕਾਰ ਦੇ ਭਿੰਨ-ਭਿੰਨ ਰੂਪ

(ਪ੍ਰਿੰ: ਸੱਜਣ ਸਿੰਘ ਜੀ)

ਅਸੀਮ ਅਕਾਸ਼ ਮੰਡਲ ਵਿਚ ਅਨੇਕਾਂ ਧਰਤੀਆਂ ਕਿਸੇ ਖਾਸ ਨਿਯਮ-ਬੰਧ ਵਿਚ ਘੁੰਮ ਰਹੀਆਂ ਹਨ। ਵਿਗਿਆਨੀਆਂ ਦਾ ਕਹਿਣਾ ਹੈ ਕਿ ਚੰਦਰਮਾ ਪਹਿਲਾ ਧਰਤੀ ਦਾ ਅਟੁੱਟ ਅੰਗ ਸੀ, ਪਰ ਅਚਾਨਕ ਕੁਛ ਪਰਿਵਰਤਨ ਹੋਣ ਕਰਕੇ ਧਰਤੀ ਤੋਂ ਅਲੱਗ ਹੋ ਗਿਆ ਤੇ ਧਰਤੀ ਦੁਆਲੇ ਚੱਕਰ ਲਗਾਉਣ ਲੱਗ ਪਿਆ। ਇਉਂ ਚੰਦਰਮਾਂ ਦਾ ਵਜੂਦ ਇਸ ਰੂਪ ਵਿਚ ਹੋਂਦ ਵਿਚ ਆਇਆ।

ਜੀਵ ਦਾ ਚੁਰਾਸੀ ਦੇ ਗੇੜ ਵਿਚ ਭਟਕਣਾ ਇੰਨ ਬਿੰਨ, ਬਲਕਿ ਇਸ ਤੋਂ ਵੀ ਵੱਧ ਸਪਸ਼ਟ ਕਾਰਨਾਂ ਸਮੇਤ ਗੁਰਬਾਣੀ ਵਿਚ ਦਰਸਾਇਆ ਗਿਆ ਹੈ । ਜੀਵਾਤਮਾ ਭੀ ਆਦਿ ਵਿੱਚ ਪਰਮਾਤਮਾ ਦਾ ਭਾਗ ਸੀ ਤੇ ਪ੍ਰਸਪਰ ਪ੍ਰੇਮ ਦੀ ਖਿੱਚ, ਆਤਮ ਸਮਰਪਨ ਤੇ ਨਿਮਰਤਾ ਕਰਕੇ ਪ੍ਰਭੂ ਨਾਲ ਅਭੇਦ ਸੀ ਤੇ ਦ੍ਵੈ ਰੂਪ ਦੀ ਭਾਵਨਾ ਤੋਂ ਰਹਿਤ ਸੀ। ਪਤਾ ਨਹੀਂ ਲੱਖਾਂ ਸਾਲ ਪ੍ਰਭੂ ਨਾਲ ਜੁੜੀ ਰਹੀ ਪਰ ਇੱਕ ਸਮਾਂ ਆਇਆ ਕਿ "ਮੈਂ ਭੀ ਕੁਛ ਹਾਂ" ਦਾ ਵਿਚਾਰ ਉਤਪੰਨ ਹੋਇਆ ਜਿਸ ਨੇ ਪ੍ਰਭੂ ਦੇ ਪ੍ਰੇਮ-ਸੰਬੰਧ ਵਿੱਚ ਐਸੀ ਤ੍ਰੇੜ ਪੈਦਾ ਕੀਤੀ ਕਿ ਇਕ ਦੂਜੇ ਨਾਲ ਇੱਕ ਮਿੱਕਤਾ ਦੀ ਸ਼ਕਤੀ ਖਤਮ ਹੋ ਗਈ ਤੇ ਵੱਖਰੇਪਨ ਨੇ ਅਮਲੀ ਰੂਪ ਧਾਰਨ ਕਰ ਲਿਆ। ਇਹ ਘਟਨਾ ਦੁਖਾਵੀਂ ਜ਼ਰੂਰ ਹੈ ਪਰ ਅਨੋਖੀ ਨਹੀਂ ਕਿਉਂਕਿ ਵਾਸਤਵ ਵਿੱਚ ਇਹ ਹਉਮੈਂ ਦੀ ਕਰਤਾਰ ਦੀ ਆਪਣੀ ਰਚਨਾ ਹੈ। ਗੁਰਬਾਣੀ ਦਾ ਫੁਰਮਾਨ ਹੈ :-

ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥
ਜਨਮ ਮਰਣੁ ਉਸ ਹੀ ਕਉ ਹੈ ਰੇ, ਓਹਾ ਆਵੈ ਜਾਈ ॥ (ਮਾਰੂ ਮਹਲਾ ੫ -੯੯੯)

ਅਰਥਾਤ ਜਨਮ ਮਰਣ ਦੇ ਗੇੜ ਵਿੱਚ ਭੁਆਟਣੀਆਂ ਦੇਣ ਵਾਲੀ ਹਉਮੈ ਹੀ ਹੈ ਜਿਸ ਦੇ ਪੰਜੇ ਤੋਂ ਛੁਟਕਾਰਾ ਪਾਉਣ ਦੀ ਤਾਕਤ ਕਿਸੇ ਵਿਰਲੇ ਜੀਵ ਵਿੱਚ ਹੈ। ਇਸ ਅਉਗੁਣ ਨੇ ਚੰਦਰਮੇ ਨੂੰ ਧਰਤੀ ਤੋਂ ਤੇ ਧਰਤੀ ਨੂੰ ਸੂਰਜ ਤੋਂ ਵਿਛੋੜਿਆ ਹੈ। ਜੇ ਧਰਤੀ ਆਪਣੀ ਅਲੱਗ ਹਸਤੀ ਦਾ ਮਾਣ ਕਰਕੇ ਸੂਰਜ ਤੋਂ ਵੱਖ ਹੋਈ ਹੈ ਤਾਂ ਇਸ ਜਗਤ ਦਾ ਵਾਸੀ ਇਨਸਾਨ ਵੀ ਆਪਣੀ ਅੰਸ਼ ਮਾਤਰ ਸ਼ਕਤੀ ਦਾ ਹੰਕਾਰ ਕਰਕੇ ਪ੍ਰਭੂ ਤੋਂ ਵਿਛੜਿਆ ਹੋਇਆ ਹੈ। ਗੁਰਦੇਵ ਜੀ ਫੁਰਮਾਨ ਕਿੰਨਾ ਵਿਗਿਆਨਕ ਤੇ ਸਰਬ-ਕਾਲੀ ਹੈ :-

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥
ਹਉਮੈ ਵਿਚਿ ਜਗੁ ਉਪਜੈ ਪੁਰਖਾ, ਨਾਮਿ ਵਿਸਰਿਐ ਦੁਖੁ ਪਾਈ ॥ (ਰਾਮਕਲੀ ਸਿਧ ਗੋਸਟਿ-੯੪੬)

ਇਉਂ ਸਪਸ਼ਟ ਹੈ ਕਿ ਹਉਮੈ ਕਰਕੇ ਨਾਮ ਵਿਸਰਦਾ ਹੈ ਤੇ ਨਾਮ ਵਿਸਰਨ ਨਾਲ ਦੁੱਖ ਪ੍ਰਾਪਤ ਹੁੰਦਾ ਹੈ। ਹਉਮੈ ਦਾ ਨਸ਼ਾ ਬੰਦੇ ਨੂੰ ਆਪਣਾ ਮੂਲ ਪਛਾਨਣ ਨਹੀਂ ਦਿੰਦਾ। ਰਕਤ ਬਿੰਦ ਤੋਂ ਨਿੰਮਿਆ ਜੀਵ ਏਨਾ ਗਰਬ ਕਰਦਾ ਹੈ ਕਿ ਅਸਮਾਨ ਵਿਚ ਵੀ ਨਹੀਂ ਸਮਾਉਂਦਾ। "ਏਤਾ ਗਬੁ ਅਕਾਸਿ ਨ ਮਾਵਤ" ਪੰਚਮ ਪਾਤਸ਼ਾਹ ਦਾ ਫੁਰਮਾਨ ਹੈ। ਕੀ ਬੰਦੇ ਨੂੰ ਏਨਾ ਵੀ ਪਤਾ ਨਹੀਂ ਕਿ ਸਰੀਰ ਦੀ ਚਮੜੀ ਦੇ ਥੱਲੇ, ਵਿਸ਼ਟਾ, ਹੱਡੀਆਂ ਤੇ ਖੂਨ ਹੈ ਤੇ ਇਕ ਦਿਨ ਇਸ ਨੇ ਮਿੱਟੀ ਦੀ ਢੇਰੀ ਹੋ ਜਾਣਾ ਹੈ। ਜੀਵ ਅਗਿਆਨੀ ਨਹੀਂ, ਸਭ ਕਿਛ ਜਾਣਦਾ ਹੈ ਪਰ ਮਨ ਵਿੱਚ ਨਹੀਂ ਵਸਾਉਂਦਾ ਤੇ ਸਤਿਗੁਰੂ ਦੇ ਪਾਵਨ ਹੁਕਮ ਨੂੰ ਨਜ਼ਰ-ਅੰਦਾਜ਼ ਕਰੀ ਜਾਂਦਾ ਹੈ।

ਆਸਾ ਮਹਲਾ ੫ ॥
ਪੁਤਰੀ ਤੇਰੀ ਬਿਧਿ ਕਰਿ ਥਾਟੀ ॥ ਜਾਨੁ ਸਤਿ ਕਰਿ ਹੋਇਗੀ ਮਾਟੀ ॥੧॥
ਮੂਲੁ ਸਮਾਲਹੁ ਅਚੇਤ ਗਵਾਰਾ ॥ ਇਤਨੇ ਕਉ ਤੁਮ ਕਿਆ ਗਰਬੇ ॥੧॥ ਰਹਾਉ ॥
ਤੀਨਿ ਸੇਰ ਕਾ ਦਿਹਾੜੀ ਮਿਹਮਾਨੁ ॥ ਅਵਰ ਵਸਤੁ ਤੁਝ ਪਾਹਿ ਅਮਾਨ ॥੨॥
ਬਿਸਟਾ ਅਸਤ ਰਕਤੁ ਪਰੇਟੇ ਚਾਮ ॥ ਇਸੁ ਊਪਰਿ ਲੇ ਰਾਖਿਓ ਗੁਮਾਨ ॥੩॥
ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥ ਬਿਨੁ ਬੂਝੇ ਤੂੰ ਸਦਾ ਨਾਪਾਕ ॥੪॥
ਕਹੁ ਨਾਨਕ ਗੁਰ ਕਉ ਕੁਰਬਾਨੁ ॥ ਜਿਸ ਤੇ ਪਾਈਐ ਹਰਿ ਪੁਰਖੁ ਸੁਜਾਨੁ ॥੫॥੧੪॥ (੩੭੪)


www.AKJ.Org

ਜਿਸ ਹਿਰਦੇ ਅੰਦਰ ਹੰਕਾਰ ਦਾ ਬ੍ਰਿਛ ਪੈਦਾ ਹੋ ਜਾਏ, ਉਹ ਪ੍ਰਗਟ ਹੋਏ ਬਿਨਾ ਨਹੀਂ ਰਹਿੰਦਾ। ਕਪਟੀ ਬੰਦੇ ਲਈ ਕਪਟ ਦਾ ਛੁਪਾਉਣਾ ਸੌਖਾ ਹੈ ਪਰ ਹੰਕਾਰੀ ਬੰਦੇ ਲਈ ਹੰਕਾਰ ਦਾ ਛੁਪਾਉਣਾ ਸੌਖਾ ਨਹੀਂ। ਮਨ ਵਿਚ ਹੰਕਾਰ ਹੋਵੇ ਤਾਂ ਬੰਦੇ ਦੇ ਵਿਚਾਰਾਂ ਵਿਚ ਰੰਗਤਾਂ ਦਾ ਰੰਗ ਚੜ੍ਹਨਾ ਸੁਭਾਵਕ ਹੈ। ਆਪਣੇ ਆਪ ਨੂੰ ਹੋਰਨਾ ਤੋਂ ਉਚਾ ਦ੍ਰਿਸਟਾਂਉਣ ਲਈ ਹਉਮੈ ਭਰੀ ਕਥਨੀ ਦਾ ਪ੍ਰਯੋਗ ਹੁੰਦਾ ਹੈ। ਹਉਮੈ ਦਾ ਘੇਰਾ ਹੋਰ ਵਿਸ਼ਾਲ ਹੋਣ ਤੇ ਇਸ ਦਾ ਪ੍ਰਗਟਾਵਾ ਵੱਖ ਵੱਖ ਕਰਮਾਂ ਦੁਆਰਾ ਹੁੰਦਾ ਹੈ। ਮੂਰਖ, ਮੁਗਧ, ਗਵਾਰ, ਦਿਵਾਨਾ, ਆਪਣੇ ਆਪ ਨੂੰ ਅਪਾਰ ਵੱਡਾ ਸਮਝਦਾ ਹੈ ਤੇ ਦੂਸਰੇ ਨੂੰ ਲਗਾਂਮਾਤ੍ਰਾਂ ਜੈਸਾ ਛੋਟਾ। ਭਗਤ ਕਬੀਰ ਜੀ ਫੁਰਮਾਉਂਦੇ ਹਨ ਕਿ ਮਨ, ਬਚਨ ਜਾਂ ਕਰਮ ਦੁਆਰਾ ਹੰਕਾਰ ਕਰਨ ਵਾਲਿਆਂ ਨੂੰ ਮੈਂ ਦੋਜਕ ਜਾਂਦੇ ਵੇਖਿਆ ਹੈ।

ਆਪਸ ਕਉ ਦੀਰਘੁ ਕਰਿ ਜਾਨੈ ਅਉਰਨ ਕਉ ਲਗ ਮਾਤ ॥
ਮਨਸਾ ਬਾਚਾ ਕਰਮਨਾ ਮੈ ਦੇਖੇ ਦੋਜਕ ਜਾਤ ॥੨॥ (ਮਾਰੂ ਕਬੀਰ ਜੀਉ -੧੧੦੫)

ਮਨ ਕਰਕੇ ਹੰਕਾਰੀ ਜੀਵ ਨੂੰ ਆਪਦੀ ਅਕਲਿ, ਸਿਆਣਪ, ਦਲੀਲ, ਸੋਚ ਤੇ ਬੁੱਧੀ ਤੇ ਅਹੰਕਾਰ ਦਾ ਏਨਾ ਅਥਾਹ ਗਲਬਾ ਛਾਇਆ ਹੁੰਦਾ ਹੈ ਕਿ ਉਸ ਨੂੰ ਕਿਸੇ ਦਾ ਚੰਗਾ ਸੁਝਾਉ ਭੀ ਬੁਰਾ ਲੱਗਦਾ ਹੈ। ਕਈ ਵਾਰ ਉਹ ਆਪਣੇ ਭਲੇ ਦੀ ਗੱਲ ਨੂੰ ਵੀ ਸੁਣਨ ਲਈ ਤਿਆਰ ਨਹੀਂ ਹੁੰਦਾ। ਆਪਣੇ ਬੁੱਧੀ ਦੀ ਸੀਮਾਂ ਨੂੰ ਨ ਪਛਾਨਣਾ ਤੇ ਅਸਲੀਅਤ ਨੂੰ ਨ ਜਾਨਣਾ ਅਗਿਆਨਤਾ ਹੈ, ਭਰਮ ਹੈ। ਭਰਮ ਧੁੰਧ ਹੈ, ਗੁਬਾਰ ਹੈ, ਜਿਸ ਦੇ ਹੁੰਦਿਆਂ ਜੀਵ ਭੁੱਲਾਂ ਕਰਦਾ ਹੈ, ਗਲਤੀਆਂ ਕਰਦਾ ਹੈ। ਅਜਿਹੇ ਮਨਮੁਖ, ਦੁਰਜਨਾ ਦੇ ਹੰਕਾਰ ਦਾ ਰੋਗ ਸਿਵਾਏ ਸਚੇ ਸਤਿਗੁਰ ਦੀ ਰਹਿਮਤ ਬਿਨਾ ਦੂਰ ਨਹੀਂ ਹੁੰਦਾ।

ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ ਦੁਰਜਨਾ ॥
ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਨਾ ॥
(ਗਉੜੀ ਕੀ ਵਾਰ ਮਹਲਾ ੪-ਸਲੋਕ ਮਹਲਾ ੪-੩੦੧)

ਬਚਨ ਕਰਕੇ ਹੰਕਾਰੀ ਪੁਰਸ਼ ਆਪਣੀ ਗੱਲ ਨੂੰ ਗੱਲ ਨਹੀਂ ਹੁਕਮ ਦਾ ਦਰਜਾ ਦਿੰਦਾ ਹੈ। ਉਸ ਦੀ ਗੱਲ ਕੱਟਣ ਵਾਲਾ ਉਸ ਦਾ ਪੱਕਾ ਵੈਰੀ ਹੈ। ਉਸ ਦੀ ਗੱਲ ਨ ਮੰਨਣ ਵਾਲਾ ਉਸ ਦੇ ਕ੍ਰੋਧ ਦਾ ਭਾਗੀ ਬਣਦਾ ਹੈ। ਅਜਿਹੇ ਪੁਰਸ਼ ਨੂੰ ਕਿਸੇ ਦੀ ਸਲਾਹ ਲੈਣ ਵਿਚ ਹੇਠੀ ਮਹਿਸੂਸ ਹੁੰਦੀ ਹੈ। ਹੰਕਾਰ ਵਿੱਚ ਮੱਤੇ ਰਾਵਣ ਨੂੰ ਆਪਣੇ ਭਰਾ, ਭਭੀਖਣ ਦਾ ਸੁਝਾਉ ਕਿੰਨਾ ਬੁਰਾ ਲੱਗਦਾ ਸੀ। ਦੁਰਜੋਧਨ ਨੇ ਦ੍ਰੋਪਤੀ ਦੀ ਪੱਤ ਲਾਹੁਣ ਦਾ ਹੁਕਮ ਦਿੱਤਾ ਸੀ। ਭੀਸ਼ਣ ਤੇ ਦ੍ਰੋਣਾਚਾਰਯ ਇਸ ਹੁਕਮ ਨੂੰ ਉਲਟਾਉਣ ਵਿੱਚ ਸਫਲ ਨਹੀਂ ਹੋਏ ਸਨ। ਵਾਸਤਵ ਵਿੱਚ ਇਹ ਭੀ ਪਰਮਾਤਮਾ ਦੀ ਦੇਣ ਹੈ, ਉਸੇ ਦੇ ਹੁਕਮ ਅਨੁਸਾਰ ਭਾਂਡੇ ਦੀ ਸਿਰਜਨਾ ਹੋਈ ਹੈ, ਇਸੇ ਕਰਕੇ ਬੰਦੇ ਦੇ ਵੱਸ ਦੀ ਗੱਲ ਨਹੀਂ ਕਿ ਉਹ ਕਿਸੇ ਦੀ ਵਿਚਾਰਧਾਰਾ ਵਿਚ ਸੁਧਾਰ ਲਿਆ ਸਕੇ।

ਕਰਮ ਦੇ ਖੇਤਰ ਵਿੱਚ ਦਿਖਾਵੇ, ਵਡਿਆਈ ਤੇ ਝੂਠੀ ਵਾਹ-ਵਾਹ ਦਾ ਅੰਸ਼ ਅਧਿਕ ਹੁੰਦਾ ਹੈ। ਮਨੁੱਖ ਕੁਦਰਤੀ ਸੁਭਾਅ ਅਨੁਸਾਰ ਆਪਣੇ ਮਾੜੇ ਕਰਮਾਂ ਨੂੰ ਛੁਪਾਉਣਾ ਤੇ ਚੰਗੇ ਕਰਮਾਂ ਨੂੰ ਪ੍ਰਗਟਾਉਣਾ ਚਾਹੁੰਦਾ ਹੈ। ਇਉਂ ਪਰਉਪਕਾਰ, ਸੇਵਾ ਜਾਂ ਦਾਨ ਤੋਂ ਜਿਹੜੀ ਵਡਿਆਈ ਪ੍ਰਾਪਤ ਹੁੰਦੀ ਹੈ, ਕੀਰਤੀ ਹੁੰਦੀ ਹੈ ਜਾਂ ਪ੍ਰਸੰਸਾ ਹੁੰਦੀ ਹੈ, ਉਸ ਦੇ ਪ੍ਰਭਾਵ ਤੋਂ ਮਾਇਆਧਾਰੀ ਨਿਰਲੇਪ ਨਹੀਂ ਰਹਿ ਸਕਦਾ। ਆਪਣੀ ਕਰਨੀ ਦੇ ਫਲ ਤੇ ਵਿਸਵਾਸ ਰੱਖਣ ਵਾਲੇ ਕਰਮਵੰਤ ਨੂੰ ਹੰਕਾਰ ਦੀ ਮੈਲ ਚੁੰਬੜਦੀ ਹੀ ਹੈ। ਵਿੱਦਵਾਨ, ਪੰਡਤ, ਜੋਗੀ ਸੰਨਿਆਸੀ ਆਦਿਕ ਵਾਦ-ਵਿਵਾਦ, ਉਪਦੇਸ਼ ਵਿੱਚ ਕਿਸੇ ਤੋਂ ਘੱਟ ਨਹੀਂ ਅਖਵਾਉਂਦੇ ਪਰ ਇਨ੍ਹਾਂ ਦੀ ਅੰਤਰ ਆਤਮਾ ਵਿੱਚ ਹਉਮੈ-ਰਹਿਤ ਗਿਆਨ, ਧਿਆਨ ਦਾ ਟਿਕਾਉ ਨਾਮ ਮਾਤਰ ਹੀ ਹੁੰਦਾ ਹੈ। ਹਜ਼ੂਰ ਦਾ ਫੁਰਮਾਨ ਹੈ :-

ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥ (ਰਾਮਕਲੀ ਰਵਿਦਾਸ -੯੭੪)

ਬਲ ਰਾਜਾ ਜਗ ਕਰਕੇ ਹੰਕਾਰ ਨਾਲ ਆਫਰਿਆ ਹੋਇਆ ਸੀ। ਕਰਮਾਂ ਦੀ ਐਸੀ ਗਤੀ ਵਰਤੀ ਕਿ ਉਹ ਆਪਣੇ ਗੁਰੂ ਦੇ ਉਪਦੇਸ਼ ਨੂੰ ਕਮਾ ਨਹੀਂ ਸਕਿਆ ਤੇ ਨਿਸ਼ਾਨੇ ਤੋਂ ਡਿਗ ਪਿਆ ।


www.AKJ.Org

ਬਲਿ ਰਾਜਾ ਮਾਇਆ ਅਹੰਕਾਰੀ ॥ ਜਗਨ ਕਰੈ ਬਹੁ ਭਾਰ ਅਫਾਰੀ ॥
ਬਿਨੁ ਗੁਰ ਪੂਛੇ ਜਾਇ ਪਇਆਰੀ ॥ (ਗਉੜੀ ਮਹਲਾ ੧-੨੨੪)

ਧੰਨ, ਦੌਲਤ, ਭੂਮੀ ਤੇ ਹੋਰ ਜਾਇਦਾਦ ਦਾ ਮਾਲਕ, ਜੇ ਹੰਕਾਰੀ ਹੈ ਤਾਂ ਉਹ ਆਮ ਤੌਰ ਤੇ ਸ਼ੂਮ ਨਹੀਂ ਹੁੰਦਾ, ਵਡਿਆਈ ਤੇ ਮਾਣ ਦਾ ਭੁੱਖਾ ਜੀਵ ਦਾਨੀ ਹੋ ਸਕਦਾ ਹੈ। ਜੇ ਕੋਈ ਉਸ ਦੀ ਗੱਲ ਵਿਚ ਹਾਂ ਨਾਲ ਹਾਂ ਨਾ ਮਿਲਾਏ ਤਾਂ ਉਸ ਨੂੰ ਦੇਣ ਵਿਚ ਹਿਚਕਚਹਾਟ ਹੋ ਸਕਦੀ ਹੈ ਪਰ ਜੇ ਕੋਈ ਉਸ ਦੀ ਇੱਛਾ ਦਾ ਸਤਿਕਾਰ ਕਰੇ ਤਾਂ ਉਹ ਹਜ਼ਾਰਾਂ, ਲੱਖਾਂ ਤਕ ਕੁਰਬਾਨ ਕਰਨ ਲਈ ਤਿਆਰ ਹੋ ਜਾਂਦਾ ਹੈ। ਵਰਤਮਾਨ ਯੁਗ ਵਿਚ ਮਾਇਆ ਦਾ ਬੋਲ ਬਾਲਾ ਹੈ, ਇਸ ਕਰਕੇ ਅਜਿਹੇ ਪੁਰਸ਼ ਨੂੰ ਸਮਾਜ ਵਿਚ ਆਪਣਾ ਉਚਾ ਅਸਥਾਨ ਬਣਾਉਣ ਵਿਚ ਰੁਕਾਵਟ ਘੱਟ ਹੀ ਪੈਂਦੀ ਹੈ।

ਗਰੀਬ ਦਾ ਹੰਕਾਰ ਕੀ ਤੇ ਕ੍ਰੋਧ ਕੀ। ਉਹ ਬੇਚਾਰਾ ਬੇਬਸ ਤੇ ਲਾਚਾਰ ਹੈ। ਉਸ ਦੀ ਨਿਮਰਤਾ, ਨਿਰਬਲਤਾ ਦੇ ਕਾਰਨ ਵੀ ਹੋ ਸਕਦੀ ਹੈ। ਬਹੁਸਘਨ ਵਾਲਾ ਕ੍ਰੋਧਤ ਹੋ ਜਾਇ ਤਾਂ ਮਨ ਦੀ ਹਵਾੜ੍ਹ ਕੱਢਣ ਲਈ, ਉਸ ਕੋਲ ਅਵਸਰਾਂਤੇ ਸਾਧਨਾਂ ਦਾ ਕੋਈ ਘਾਟਾ ਨਹੀਂ। ਮਾਇਆ ਤੇ ਹੰਕਾਰ ਇਕੱਲੇ-ਇਕੱਲੇ ਹੀ ਮਾਣ ਨਹੀਂ, ਪਰ ਜੇ ਦੋਨੋ ਇਕੱਠੇ ਹੋ ਜਾਣ ਤਾਂ ਪ੍ਰਾਣੀ ਦੇ ਸਰੀਰ ਵਿਚ ਐਸਾ ਜ਼ਹਿਰ ਉਤਪੰਨ ਕਰਦੇ ਹਨ, ਜਿਸ ਦੀ ਦੁਨਿਆਵੀ ਡਾਕਟਰਾਂ ਕੋਲ ਕੋਈ ਔਸ਼ਧੀ ਨਹੀਂ। ਗੁਰਬਾਣੀ ਵਿੱਚ ਇਸ ਨੂੰ ਮਹਾਂ ਦੀਰਘ ਰੋਗ ਆਖਿਆ ਗਿਆ ਹੈ।

ਅਹੰਬੁਧਿ ਬਹੁ ਸਘਨ ਮਾਇਆ ਮਹਾ ਦੀਰਘ ਰੋਗੁ ॥ (ਗੁਜਰੀ ਮਹਲਾ ੫-੫੦੨)

ਹਉਮੈ ਕਿਸੇ ਰੂਪ ਵਿਚ ਹੋਵੇ, ਦੈਵੀ ਗੁਣਾਂ ਦੀ ਘਾਤਕ ਹੈ। ਸਦਾਚਾਰਕ ਗੁਣ, ਇਸ ਦੀ ਜ਼ਹਿਰੀਲੀ ਅਗਨੀ ਦੁਆਰਾ ਸਹਜੇ ਹੀ ਜਲ ਕੇ ਭਸਮ ਹੁੰਦੇ ਹਨ। ਇਸ ਨੇ ਵੱਡੇ ਵੱਡੇ ਰਾਜਿਆਂ ਦੇ ਸਿਰ ਫੇਰ ਦਿੱਤੇ, ਚੰਗਿਆਈਆ ਖੁੱਸ ਲਈਆ ਤੇ ਖੁਆਰੀਆ ਬਖਸ਼ੀਆਂ। ਦੁਰਜੋਧਨ, ਹਰਣਾਕਸ ਕੰਸ ਤੇ ਰਾਵਣ ਨੇ ਆਪਣੇ ਜੀਵਨ ਵਿੱਚ ਹੰਕਾਰ ਦਾ ਬੋਲ ਬਾਲਾ ਕਾਇਮ ਰੱਖਿਆ, ਨਾ ਕਰਨ ਵਾਲੇ ਕਰਮ ਕੀਤੇ, ਤੇ ਨਾ ਕਹਿਣ ਵਾਲੇ ਬਚਨ ਉਚਾਰੇ। ਬਿਨਾ ਵਿਤਕਰੇ ਦੇ, ਆਪਣਿਆਂ ਨੂੰ ਭੀ, ਬੇਗਾਨਿਆਂ ਨੂੰ ਵੀ, ਦੋਸ਼ਾਂ ਤੇ ਨਿਰਦੋਸ਼ਾਂ ਪ੍ਰਾਣੀਆਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਮੌਤ ਦੇ ਘਾਟ ਉਤਾਰਿਆ ਤੇ ਮੌਤ ਦੇ ਘਾਟ ਉਤਰਾਇਆ। ਕਿਵੇਂ ਇਹ ਅਰਸ਼ ਤੋਂ ਫਰਸ਼ ਤੇ ਪਟਕਾਏ ਗਏ, ਕਿਵੇਂ ਉਨ੍ਹਾ ਦਾ ਅੰਤ ਆਇਆ, ਕਿਵੇਂ ਉਨ੍ਹਾਂ ਦੇ ਪ੍ਰਾਣ ਸਰੀਰ ਤੋਂ ਨਿਕਲੇ, ਇਹ ਸਾਰੀਆਂ ਘਟਨਾਵਾਂ ਸਚਾਈ ਦੀ ਬੁਰਾਈ ਉਤੇ ਜਿੱਤ ਨੂੰ ਦ੍ਰਿੜਾਉਂਦੀਆ ਹਨ। ਗੁਰ ਫੁਰਮਾਨ ਹੈ :–

ਜੋ ਜੋ ਕਰਤੇ ਅਹੰਮੇਉ, ਝੜਿ ਧਰਤੀ ਪੜਤੇ ॥ (ਵਾਰ ਗਉੜੀ ਪਉੜੀ ੩੧੭)

ਅਰਥਾਤ ਹੰਕਾਰ ਕਰਨ ਵਾਲੇ ਝੜ ਕੇ ਧਰਤੀ ਤੇ ਡਿਗਦੇ ਹਨ।

ਜਿਸ ਰੁੱਖ ਦੀ ਉਚਾਈ ਤਾਂ ਵਧਦੀ ਜਾਵੇ ਪਰ ਜੜ੍ਹਾ ਵੱਧਣ ਫੁੱਲਣ ਤੋਂ ਰੁਕ ਜਾਣ, ਉਹ ਥੋੜੇ ਜਿਹੇ ਹਵਾ ਦੇ ਬੁੱਲੇ ਨਾਲ ਅੱਜ ਡਿੱਗਿਆ ਜਾਂ ਕਲ ਡਿੱਗਿਆ। ਬੰਦੇ ਦਾ ਆਧਾਰ ਨਾਮ ਹੈ, ਜੇ ਆਧਾਰ ਨਹੀਂ ਤਾਂ ਉਸ ਦੀ ਖੁਦੀ ਹੀ ਉਸ ਨੂੰ ਪਟਕਾ ਕੇ ਮਾਰਨ ਲਈ ਕਾਫੀ ਹੈ। ਹਉਮੈ ਦੇ ਇਸ ਰੋਗ ਤੋਂ ਵੱਡੇ ਵੱਡੇ ਦੇਵਤੇ ਵੀ ਬਚੇ ਨਹੀਂ। ਇਨ੍ਹਾ ਨੇ ਲੋਕਾਂ ਨੂੰ ਪਰਮਾਤਮਾ ਦੀ ਮਹਿਮਾ ਦ੍ਰਿੜਾਉਣ ਤੇ ਨਾਮ ਜਪਾਉਣ ਦੀ ਬਜਾਏ ਸ਼ਕਤੀਆਂ ਦਾ ਪ੍ਰਗਟਾਵਾ ਕਰਕੇ ਸਿੱਧੇ ਜਾਂ ਅਸਿਧੇ ਤਰੀਕੇ ਨਾਲ ਆਪਣੀ ਪੂਜਾ ਕਰਾਉਣ ਦਾ ਮਾਰਗ ਅਪਣਾਇਆ। ਇਸ ਰੋਗ ਤੋਂ ਕੇਵਲ ਹਰਿ ਨਾਮ ਜਪਣ ਵਾਲੇ ਹਰਿ ਜਨ ਹੀ ਮੁਕਤ ਹਨ, ਨਹੀਂ ਤਾਂ ਸਾਰਾ ਸੰਸਾਰ ਇਸ ਦੀਰਘ ਰੋਗ ਵਿਚ ਬੁਰੀ ਤਰਾਂ ਗ੍ਰਸਿਆ ਹੋਇਆ ਹੈ।

ਸੂਹੀ ਮਹਲਾ ੪॥ ਜਿਨ ਕੈ ਅੰਤਰਿ ਵਸਿਆ ਮੇਰਾ ਹਰਿ ਹਰਿ ਤਿਨ ਕੇ ਸਭਿ ਰੋਗ ਗਵਾਏ ॥ ਤੇ ਮੁਕਤ ਭਏ ਜਿਨ ਹਰਿ ਨਾਮੁ ਧਿਆਇਆ ਤਿਨ ਪਵਿਤੁ ਪਰਮ ਪਦੁ ਪਾਏ॥੧॥ ਮੇਰੇ ਰਾਮ ਹਰਿ ਜਨ ਆਰੋਗ ਭਏ॥ ਗੁਰ ਬਚਨੀ ਜਿਨਾ ਜਪਿਆ ਮੇਰਾ ਹਰਿ ਹਰਿ ਤਿਨ ਕੇ ਹਉਮੈ ਰੋਗ ਗਏ॥੧॥ ਰਹਾਉ॥ ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥ਜਿਨਿ ਕੀਏ ਤਿਸਹਿ

ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥ ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ॥ ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ॥੩॥ ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ ਤਾ ਕਾ ਰੂਪ ਅਪਾਰੋ ॥ ਨਾਨਕ ਆਪੇ ਵੇਖਿ ਹਰਿ ਬਿਗਸੈ ਗੁਰਮੁਖਿ ਬ੍ਰਹਮ ਬੀਚਾਰੋ॥ (ਪੰਨਾ ੭੩੫)

ਹੰਕਾਰ ਨੂੰ ਗਹੁ ਨਾਲ ਤੱਕਿਆਂ ਪਤਾ ਲੱਗਦਾ ਹੈ ਕਿ ਇਹ ਕਈ ਪਰਕਾਰ ਦੇ ਔਗੁਣਾ ਦਾ ਸਮੂਹ ਹੈ। ਇਸ ਦਾ ਨਿਵਾਰਨ ਤੀਰਥ ਭਰਮਣ ਜਾਂ ਬਾਦ ਬਿਬਾਦ ਕਰਨ ਨਾਲ ਨਾਹੀ; ਸਤਿਗੁਰ ਦਾ ਉਪਦੇਸ਼ ਕਮਾਉਣ ਨਾਲ ਹੁੰਦਾ ਹੈ। ਹਜ਼ੂਰ ਦਾ ਫੁਰਮਾਨ ਹੈ :–

ਨਾਨਕ ਹਉਮੈ ਰੋਗ ਬੁਰੇ॥ ਜਹ ਦੇਖਾਂ ਤਹ ਏਕਾ ਬੇਦਨ ਆਪੇ ਬਖਸੈ ਸਬਦਿ ਧੁਰੇ ॥

(ਭੈਰਉ ਅਸਟਪਦੀਆਂ ਮਹਲਾ ੧-ਪੰਨਾ ੧੧੫੩)

ਕੋਈ ਵੱਡਾ ਹੋਵੇ ਜਾਂ ਨਾ ਹੋਵੇ, ਆਪਣੇ ਆਪ ਨੂੰ ਵੱਡਾ ਦਰਸਾਉਣ ਦੀ ਲਾਲਸਾ ਸਾਰੇ ਸਾਧਾਰਨ ਜੀਵਾਂ ਵਿੱਚ ਹੈ। ਇਹ ਲਾਲਸਾ ਔਗੁਣਿਆਰਿਆਂ ਵਿੱਚ ਵੀ ਹੈ ਪਰ ਉਹ ਵਾਸਤਵ ਵਿੱਚ ਵੱਡੇ ਹੋ ਨਹੀਂ ਸਕਦੇ ਤੇ ਉਹ ਦੂਜਿਆਂ ਨੂੰ ਨੀਵੇਂ ਦਿਖਾ ਕੇ, ਆਪਣੇ ਆਪ ਨੂੰ ਉਚੱਾ ਸਾਬਤ ਕਰਨ ਦਾ ਯਤਨ ਕਰਦੇ ਹਨ। ਇਸੇ ਨੂੰ ਹੀ ਪਰਾਏ ਔਗੁਣ ਛਾਂਟਣਾਂ ਜਾਂ ਨੁਕਤਾ ਚੀਨੀ ਕਰਨਾ ਆਖਿਆ ਗਿਆ ਹੈ। ਇਹ ਵੀ ਬਿਨਾ ਕੁਛ ਕੀਤੇ ਹੰਕਾਰ ਦਾ ਪ੍ਰਗਟਾਵਾ ਹੈ। ਸਤਿਗੁਰੂ ਜੀ ਦਾ ਫੁਰਮਾਨ ਹੈ।

ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ॥

ਪਰਾਇਆ ਛਿਦ੍ਰ ਅਟਕਲੈ ਆਪਣਾ ਅਹੰਕਾਰੁ ਵਧਾਵੈ॥ (ਰਾਗ ਆਸਾ ਮਹਲਾ ੪-ਪੰਨਾ ੩੬੬)

ਹਉਮੈ ਵਿਚ ਦੂਜੈ ਭਾਵ ਦੀ ਮੈਲ ਵਿਆਪਤ ਹੈ। ਨਿਮਰਤਾ ਕੇਵਲ ਇਕ ਦੀ ਪ੍ਰੀਤੀ ਵਿੱਚ ਹੈ। ਅਹੰਕਾਰੀ ਜੀਵ ਦੇ ਅੰਤਰ ਆਤਮਾ ਦਾ ਸੀਸ਼ਾ ਮੈਲਾ ਤੇ ਧੁੰਦਲਾ ਹੋਣ ਕਰਕੇ ਸ਼ੁੱਧ ਪਰਕਾਸ਼ ਦੇਣ ਦੇ ਅਸਮੱਰਥ ਹੈ ਜਿਸ ਕਰ ਕੇ ਹੰਕਾਰੀ ਜਗਤ ਨੂੰ ਸਤਿਗੁਰੂ ਬਿਨਾ ਸੱਚ ਦਾ ਪ੍ਰਕਾਸ਼ ਦਿਖਾਈ ਨਹੀਂ ਦਿੰਦਾ ਤੇ ਅੱਖਾਂ ਹੁੰਦਿਆ ਵੀ ਉਸ ਲਈ ਘੋਰ ਅੰਧਾਰ ਹੈ ਤੇ ਉਹ ਠੇਡੇ ਖਾਂਦਾ ਭਟਕਦਾ ਫਿਰਦਾ ਹੈ।

ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥

ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ (ਸਿਰੀ ਰਾਗੁ ਮਹਲਾ ੩-ਪੰਨਾ ੩੯)

ਸਤਿਗੁਰੂ ਫੁਰਮਾਉਂਦੇ ਹਨ ਕਿ ਮੈਲੇ ਮਨ ਨਾਲ ਨਾ ਭਗਤੀ ਹੁੰਦੀ ਹੈ ਨਾ ਨਾਮ ਦੀ ਪ੍ਰਾਪਤੀ। ਜਿਉਂ ਦੀਪਕ ਅੰਧਕਾਰ ਨੂੰ ਦੂਰ ਕਰਦਾ ਹੈ, ਤਿਉ ਗੁਰਗਿਆਨ ਦਾ ਪ੍ਰਕਾਸ਼ ਸ਼ੁੱਧਤਾ ਤੇ ਨਿਰਮਲਤਾ ਪਰਦਾਨ ਕਰਕੇ ਹਉਮੈ ਦੀ ਮੈਲ ਤੇ ਅੰਧੇਰੇ ਦਾ ਨਾਸ਼ ਕਰਦਾ ਹੈ।

ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥
ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥
ਗੁਰਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥
ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥

(ਸਿਰੀ ਰਾਗੁ ਮਹਲਾ ਪੰਨਾ ੩੯)

ਅਹੰਕਾਰੀ ਪੁਰਸ਼ ਦੇ ਹਿਰਦੇ ਵਿੱਚ ਦੈਵੀ ਗੁਣਾਂ ਦਾ ਨਿਵਾਸ ਹੋਣਾ ਅਸੰਭਵ ਹੈ। ਉਹ ਸਿੰਬਲ ਰੁੱਖ ਵਾਂਗਰ ਖੁਸ਼ਕ ਤੇ ਫਲ ਹੀਨ ਹੈ। ਤੋਤੇ ਬਹੁਤ ਆਸ਼ਾ ਰੱਖ ਕੇ ਸਿੰਬਲ ਰੁੱਖ ਤੇ ਆਉਂਦੇ ਹਨ ਪਰ ਫਲ ਫਿਕੇ ਫੁਲ ਬਕਬਕੇ ਤੇ ਪੱਤੇ ਅਕਾਰਥ ਹੋਣ ਕਰਕੇ ਨਿਰਾਸੇ ਜਾਂਦੇ ਹਨ। ਅਹੰਕਾਰੀ ਪੁਰਸ਼ ਭੀ ਦੇਖਣ ਤੋਂ ਵੱਡਾ ਤੇ ਮਹਾਨ ਪਰਤੀਤ ਹੁੰਦਾ ਹੈ ਪਰ ਉਸ ਦੇ ਦੀਦਾਰ ਤੇ ਉਸ ਦੇ ਸਪਰਸ਼ ਤੋਂ ਗਿਆਤ ਹੁੰਦਾ ਹੈ ਕਿ ਉਸ ਦੀ ਮਾਨਸਕ ਅਵਸਥਾ ਅਸੰਤੁਲਨ ਹੋਣ ਕਰਕੇ ਉਸ ਦੀ ਕਥਨੀ ਵਿਚ ਫੋਕੀ ਹਮਦਰਦੀ ਹੈ ਤੇ ਕਰਨੀ ਸ਼ੁਭ ਗੁਣਾਂ ਦੀ ਖੁਸ਼ਬੂ ਤੋਂ ਖਾਲੀ ਹੈ। ਪੰਚਮ ਪਾਤਸ਼ਾਹ ਜੀ ਨੇ ਹੇਠ ਲਿਖੇ ਮੁਖਵਾਕ ਵਿੱਚ ਪੰਜਾਂ


www.AKJ.Org

ਵਿਸ਼ਿਆਂ ਤੇ ਇਨ੍ਹਾਂ ਦੀਆਂ ਕਰਤੂਤਾਂ ਤੋਂ ਸਾਵਧਾਨ ਰਹਿਣ ਦੀਆਂ ਜੁਗਤੀਆਂ ਵਿਸਥਾਰ ਸਹਿਤ ਦੱਸੀਆਂ ਹਨ। ਹੰਕਾਰ ਬਾਰੇ ਆਪ ਜੀ ਦਾ ਫੁਰਮਾਨ ਹੈ ਕਿ ਇਹ ਬੇਘਰਾ ਹੋ ਗਿਆ ਹੈ ਤੇ ਇਸ ਨਾਲ ਮਨੁੱਖ ਜ਼ਿਦੀ ਬਣ ਜਾਂਦਾ ਹੈ ਜਿਸ ਕਰ ਕੇ ਕੋਈ ਉਸ ਦਾ ਆਪਣਾ ਨਹੀਂ ਬਣਦਾ (ਸ਼ਬਦਾਰਥ ਅਨੁਸਾਰ ਇਹ ਮੂਰਖ ਹਠੀ ਹੈ ਤੇ ਅਸੀ ਹੰਕਾਰ ਤੋਂ ਸਲਾਹ ਮਸ਼ਵਰਾ ਲੈਣਾ ਛੱਡ ਦਿੱਤਾ ਜਿਸ ਕਰਕੇ ਸਤਿਗੁਰੂ ਜੀ ਨੇ ਆਪਣਾ ਬਿਰਦ ਨਿਭਾਇਆ ਇਸ ਤੋਂ ਸਾਡੀ ਰੱਖਿਆ ਕੀਤੀ।

ਅਹੰਮੇਵ ਸਿਉ ਮਸਲਤਿ ਛੋਡੀ॥ ਗੁਰਿ ਕਹਿਆ ਇਹੁ ਮੂਰਖੁ ਹੋਡੀ॥
ਇਹੁ ਨੀਘਰੁ ਘਰੁ ਕਹੀ ਨ ਪਾਏ॥ ਹਮ ਗੁਰਿ ਰਾਖਿ ਲੀਏ ਲਿਵ ਲਾਏ ॥੬॥
(ਬਿਭਾਸ ਪ੍ਰਭਾਤੀ ਮਹਲਾ ੫- ਅਸਟਪਦੀਆਂ- ਪੰਨਾ ੧੩੪੭)

ਇਸ ਰੋਗ ਦੀ ਮੁੱਖ ਔਸ਼ਧੀ ਅਕਾਲ ਪੁਰਖ ਦੇ ਹੁਕਮ ਨੂੰ ਸਹੀ ਰੂਪ ਵਿੱਚ ਸਮਝਣਾ ਤੇ ਕਮਾਉਣਾ ਹੈ। ਇਸ ਦੀ ਦੂਜੀ ਗੁਰਮਤਿ ਦੁਆਈ ਸਿਰ ਸਉਂਪਣ ਦੀ ਹੈ। ਜੇ ਸੀਸ ਝੁਕਾਉਣਾ ਨਿਮਰਤਾ ਤੇ ਸਤਿਕਾਰ ਦੀ ਨਿਸ਼ਾਨੀ ਹੈ ਤਾਂ ਸੀਸ ਨੂੰ ਅਝੁੱਕ ਰੱਖਣਾ ਹੰਕਾਰ ਦਾ ਪ੍ਰਗਟਾਵਾ ਹੈ। ਸਿਰ ਸਉਂਪਣ ਦਾ ਭਾਵ ਹੰਕਾਰ ਗਵਾਉਣਾ ਤੇ ਆਪਾ ਮਿਟਾਉਣਾ ਹੈ। ਜਿਉਂ ਉਚੇ ਟਿੱਲਿਆਂ ਤੇ ਪਾਣੀ ਨਹੀਂ ਟਿਕਣਾ, ਤਿਉਂ ਹੰਕਾਰੀ ਪੁਰਸ਼ ਦੇ ਹਿਰਦੇ ਵਿੱਚ ਅੰਮ੍ਰਿਤ-ਨਾਮ-ਵਰਖਾ ਦਾ ਜਲ ਸਮਾਉਂਦਾ ਨਹੀਂ। ਸਾਰੀਆਂ ਬਖਸ਼ਸ਼ਾਂ ਪੂਰਨ ਸਤਿਗੁਰੂ ਅੱਗੇ ਸੀਸ ਭੇਟ ਕਰਨ ਤੇ ਸ਼ਰਨੀ ਪੈਣ ਵਿਚ ਹਨ। ਐਸਾ ਸਤਿਗੁਰੂ ਮਿਲਦਾ ਤਾਂ ਭਾਗਾਂ ਨਾਲ ਹੀ ਹੈ ਤੇ ਜੇ ਮਿਲ ਜਾਇ ਤਾਂ ਉਸਨੂੰ ਆਤਮ-ਸਮਰਪਨ ਕਰਨਾ ਹੀ ਐਸੀ ਜੁਗਤੀ ਹੈ ਜਿਸ ਨਾਲ ਹਉਮੈ ਰੋਗ ਦਾ ਨਿਵਾਰਨ ਹੁੰਦਾ ਹੈ।

ਐਸਾ ਸਤਿਗੁਰੁ ਜੇ ਮਿਲੈ ਤਿਸ ਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ ॥
(ਰਾਮਕਲੀ ਮਹਲਾ ੩-ਅਨੰਦ-ਪੰਨਾ੯੨੧)

---

(ਪੰਨਾ ੯ ਦਾ ਬਾਕੀ ...)

ਆਜੁ ਹਮਾਰੈ ਗ੍ਰਿਹਿ ਬਸੰਤ॥ ਗੁਨ ਗਾਏ ਪ੍ਰਭ ਤੁਮ ਬੇਅੰਤ ॥੧॥ਰਹਾਉ ॥
ਆਜੁ ਹਮਾਰੈ ਬਨੇ ਫਾਗ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ॥ ਰੰਗੁ ਲਾਗਾ ਅਤਿ ਲਾਲ ਦੇਵ ॥੨॥(ਪੰਨਾ ੧੧੮੦)

ਭਾਵ ਜਦੋਂ ਜੀਵ ਪ੍ਰਭੂ-ਪਿਆਰ ਵਿਚ ਰੰਗਿਆ ਜਾਂਦਾ ਹੈ ਤਾਂ ਮਾਨੋ ਉਸਦੇ ਘਰ ਸਦਾ ਹੀ ਖੇੜਾ ਤੇ ਬਸੰਤ ਰੁੱਤ ਹੁੰਦੀ ਹੈ। ਇਸ ਵਾਸਤੇ ਦੁਨੀਆਂ ਦੇ ਲੋਕੋ! ਜੇ ਕਰ ਤੁਸੀਂ ਇਸ ਫੱਗਣ ਦੇ ਮਹੀਨੇ ਵਿਚ ਹੋਲੀ ਦਾ ਅਨੰਦ ਮਾਣਨਾ ਹੈ ਤਾਂ ਆਉ! ਪ੍ਰਭੂ ਪਿਆਰਿਆਂ ਦੀ ਸੰਗਤ ਵਿਚ ਆਵੋ ਅਤੇ ਨਾਮ ਮਸਤੀ ਵਾਲਾ ਪੱਕਾ ਲਾਲ ਰੰਗ ਤੁਹਾਡੇ ਮਨ ਤੇ ਚੜ੍ਹੇਗਾ। ਇਹੀ ਸਾਡੇ ਵਾਸਤੇ ਉਤਮ ਹੋਲੀ ਹੋਣੀ ਚਾਹੀਦੀ ਹੈ। ਦੇਖੋ, ਗੁਰੂ ਪਾਤਸ਼ਾਹ ਨੇ ਹੋਲੀ ਦੇ ਨਾਮ ਨਾਲ ਵਿਰੋਧ ਨਹੀਂ ਕੀਤਾ ਬਲਕਿ ਉਸਤੇ ਅਰਥ ਹੀ ਨਰੋਏ ਕਰ ਦਿੱਤੇ ਜਾਂ ਦੂਜੇ ਸ਼ਬਦਾਂ ਵਿਚ ਗੁਰੂ-ਆਸ਼ੇ ਅਨੁਸਾਰ ਚੱਲਣ ਵਾਲਿਆਂ ਨੂੰ ਰੰਗ-ਗੁਲਾਲਾਂ-ਚਿੱਕੜਾਂ ਵਾਲੀ ਹੋਲੀ ਤੋਂ ਪੂਰੀ ਤਰ੍ਹਾਂ ਵਰਜਿਆ ਅਤੇ ਨਾਮ-ਬਾਣੀ ਦੇ ਅਭਿਆਸ ਵੱਲ ਹੋਰ ਦ੍ਰਿੜ੍ਹ ਕੀਤਾ। ਦਸਵੇਂ ਪਾਤਸ਼ਾਹ ਨੇ ਵੀ ਹੋਲੀਆਂ ਦੇ ਸਮੇਂ ਤੇ ਗੁਰਸਿੱਖਾਂ ਵਿਚ ਸ਼ਸਤਰ ਅਭਿਆਸ ਆਰੰਭ ਕਰਕੇ ਹੋਲੇ ਮਹੱਲੇ ਦਾ ਨਵਾਂ ਤਿਉਹਾਰ ਬਖ਼ਸ਼ਿਆ।

ਗੁਰੂ ਨਾਨਕ ਪਾਤਸ਼ਾਹ ਤੋਂ ਦਸਵੇਂ ਤੀਕ ਇਕ ਵੀ ਅਜੇਹੀ ਮਿਸਾਲ ਨਹੀਂ ਮਿਲਦੀ ਜਦੋਂ ਗੁਰੂ ਪਾਤਸ਼ਾਹ ਨੇ ਆਪ ਜਾਂ ਉਹਨਾਂ ਦੇ ਸਿੱਖਾਂ ਨੇ ੨੩੯ ਵਰ੍ਹਿਆਂ ਵਿਚ ਹੋਲੀ ਖੇਡੀ ਹੋਵੇ। ਜਿਹੜੇ 'ਗੁਰੂ ਕੇ ਲਾਲ, ਆਪਣੀ ਕੂੜ ਮੱਤ ਜਾਂ ਅਗਿਆਨਤਾ ਕਾਰਣ ਹੋਲੀਆਂ ਦੇ ਅਧਮੂਲ ਵਿਚ ਸ਼ਾਮਲ ਹੋ ਕਰਕੇ, ਪਾਤਸ਼ਾਹ ਦੇ ਬਖਸ਼ੇ ਸੁੰਦਰ, ਸ਼ੇਰਾਂ ਵਾਲੇ ਸਰੂਪ ਦੀ ਬੇਅਦਬੀ ਕਰਕੇ ਹਨ, ਉਹਨਾਂ ਨੂੰ ਆਪਣੀ ਕਰਨੀ ਵੱਲ ਧਿਆਨ ਦੇਣਾ ਚਾਹੀਦਾ ਹੈ। ਬਲਕਿ ਇਸ ਤੋਂ ਅੱਗੇ ਜਾਂਦਿਆਂ ਲੋਕਾਈ ਨੂੰ ਕੱਚੀਆਂ ਹੋਲੀਆਂ ਵਿਚੋਂ ਕੱਢ ਕੇ ਗੁਰਬਾਣੀ ਦੀ ਸਵੱਛ ਰੰਗਤ ਵਿਚ ਲਿਆਉਣ ਦਾ ਯਤਨ ਚਾਹੀਦਾ ਹੈ। ▪▪▪▪▪▪▪▪▪▪


www.AKJ.Org

# ਗੁਰ ਮਰਿਆਦਾ ਤੇ ਇਸ ਦੀ ਲੋੜ
## (Need of code of conduct in religion)

ਗੁਰ ਮਰਿਆਦਾ Disciplinie ਇਕ ਚੰਗੀ ਜੀਵਨ ਜਾਚ ਹੈ ਅਤੇ ਇਸਦਾ ਸਿਧਾ ਸਬੰਧ ਪ੍ਰਮਾਤਮਾ ਦੇ ਡਰ ਨਾਲ ਹੈ। ਮਰਿਆਦਾ ਦਾ ਭਜਨ ਕਰਨ ਲਈ ਪ੍ਰਭੂ ਡਰ ਦੀ ਲੋੜ ਹੈ ਅਤੇ ਪ੍ਰਭੂ ਪਿਆਰ ਜੀਵਨ ਪ੍ਰਭੂ ਨੂੰ ਸਿਖਾ ਦਿੰਦਾ ਹੈ।

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।। (ਪਾ ੧੦)

ਸਾਧ ਸੰਗਤਿ ਬਿਨਾ ਭਾਉ ਨਹੀ ਊਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥..... (੬੯੪)

ਜੀਵਨ ਦਾ ਮੁਖ ਨਿਸ਼ਾਨਾ ਸ਼ਕਤੀ ਪ੍ਰਾਪਤ ਕਰਨਾ ਹੈ ਭਾਵ ਵਿਕਾਰਾਂ ਤੇ ਮੁਕਤ ਹੋਣਾ ਅਤੇ ਇਸੇ ਜੀਵਨ ਵਿਚ ਮਰਨ ਤੋਂ ਪਿੱਛੇ ਕੀ ਪਤਾ ਲਗੇਗਾ।

ਮੂਏ ਹੂਏ ਜੋ ਮੁਕਤ ਦਿਓਗੇ ਮੁਕਤ ਨ ਜਾਨੇ ਕੋਇਲਾ ਵਿਕਾਰਾਂ ਤੋਂ ਮੁਕਤੀ ਪ੍ਰਭੂ ਪ੍ਰਾਪਤੀ ਹੈ। ਇਸ ਅਵਸਥਾ ਤੇ ਪੁਜਣ ਲਈ ਮਨ ਵਿਚੋਂ ਆਸ਼ਾਵਾਂ ਤੇ ਮਨ ਦੇ ਫੁਰਨਿਆ ਨੂੰ ਕਾਬੂ ਵਿਚ ਰਖਣਾ ਹੈ।

ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥

ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥ (੬੩੩)

ਭਗਤੀ-ਪ੍ਰਭੂ ਉਸਤੱਤੀ ਤੋਂ, ਸਿਫਤ ਸਲਾਹ ਪ੍ਰਭੂ ਪਿਆਰ ਤੋਂ ਅਤੇ ਪ੍ਰਮਾਤਮਾ ਦਾ ਪਿਆਰ ਉਸਦੇ ਡਰ ਤੋਂ ਪੈਦਾ ਹੁੰਦਾ ਹੈ। ਪ੍ਰਮਾਤਮਾ ਦਾ ਡਰ ਦਾ ਸਾਧ ਸੰਗਤ ਵਿਚ ਆ ਕੇ ਪਤਾ ਲਗਦਾ ਹੈ। ਵਾਹਿਗੁਰੂ ਨੇ ਸਾਰੇ ਨਿਯਮ ਬਣਾਏ ਹੋਏ ਹਨ। ਉਨਾ ਨਿਯਮਾਂ ਵਿਚ ਰਹਿਣ ਲਈ ਡਰ ਪੈਦਾ ਕੀਤਾ ਹੈ। ਜਿਸ ਨੇ ਪ੍ਰਮਾਤਮਾ ਦਾ ਡਰ ਮਨ ਵਿਚ ਵਸਾ ਰਖਿਆ ਹੈ ਉਸਦੇ ਦੁਨਿਆਵੀ ਸਾਰੇ ਡਰ ਦੂਰ ਹੋ ਜਾਂਦੇ ਹਨ "ਨਿਰਭਉ ਜਪੈ ਸਗਲ ਭਉ ਮਿਟੈ" ਵਾਹਿਗੁਰੂ ਆਪ ਹੀ ਨਿਰਭਉ ਹੈ :

ਸਗਲਿਆ ਭਉ ਲਿਖਿਆ ਸਿਰਿ ਲੇਖੁ।। ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥ (੪੬੪)

ਪ੍ਰਮਾਤਮਾ ਦੇ ਭਾਣੇ ਵਿਚ ਹੁਕਮ ਵਿਚ ਰਹਿਣਾ ਉਸਨੂੰ ਪ੍ਰਵਾਨ ਚੜਨਾ ਹੈ ਜੀਵਨ ਮੁਕਤ ਹੋਣਾ ਹੈ ਅਤੇ ਉਸ ਤੋਂ ਬੇਮੁਖ ਹੋ ਕੇ ਜਨਮ-ਮਰਨ ਦੇ ਦੁਖਾ ਕਲੇਸਾਂ ਦੇ ਜੀਵਨ ਵਿਚ ਮੁੜ ਮੁੜ ਆਉਣਾ ਹੈ।

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥ (੪੭੧)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੁਕਮ ਨੂੰ ਵਿਸਥਾਰ ਨਾਲ ਵਰਨਣ ਕੀਤਾ ਹੋਇਆ ਹੈ। ਗੁਰੂ ਦਾ ਹੁਕਮ ਗੁਰੂ ਦਾ ਸਤਿਕਾਰ ਹੈ ਉਸ ਉਪਰ ਵਿਸ਼ਵਾਸ ਤੇ ਸ਼ਰਧਾ ਹੈ। ਜੀਵਨ ਦਾ ਹਰ ਪਹਿਲੂ, ਸਾਡਾ ਸਭਿਆਚਾਰ, ਸਾਡੀ ਜੀਵਨ ਜਾਚ, ਰਹਿਤ ਮਰਿਆਦਾ ਨਿਤ ਕਰਮ ਬਾਰੇ ਗੁਰਬਾਣੀ ਵਿਚ ਉਪਦੇਸ਼ ਹਨ। ਬਸ ਇਨ੍ਹਾਂ ਉਪਦੇਸ਼ਾਂ ਤੇ ਰਚਨਾ ਹੀ ਗੁਰੂ ਦਾ ਹੁਕਮ ਹੈ। ਸਾਡਾ ਕਰਮ ਹੈ ਜਿਸ ਨਾਲ ਅਸੀ ਆਪਣਾ ਜੀਵਨ ਸਹਿਜ ਤੇ ਸ਼ਾਂਤੀ ਵਾਲਾ ਬਣਾ ਸਕਦੇ ਹਾਂ।

ਇਹ ਜੀਵਨ ਸ਼ਖਸ਼ੀ ਹੈ ਅਤੇ ਨਾਮ ਨਾਲ ਇਹ ਆਦੇਸ਼ ਵੀ ਗੁਰੂ ਵਜੋਂ ਹੈ ਕਿ ਉਹ ਪੰਥਕ ਜੀਵਨ ਮਨੁਖਤਾ ਨਾਲ ਪਿਆਰ ਤੇ ਸੇਵਾ ਲਈ ਵੀ ਤਤਪਰ ਰਹੇ।

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ (੩੦੬)

ਇਹ ਲਈ ਜਰੂਰੀ ਹੈ ਕਿ ਗੁਰੂ ਦਾ ਸਿਖ ਸੰਤ ਚੰਗੇ ਗੁਣਾਂ ਵਾਲਾ ਹੋਣ ਦੇ ਨਾਲ ਨਾਲ ਸਿਪਾਹੀ ਬਹਾਦਰ, ਸਚ ਤੇ ਪਹਿਰਾ ਦੇਣ ਦੇ ਅਨਕੂਲ ਵੀ ਤਿਆਰ ਹੋਵੇ ਜਿਸ ਨਾਲ ਉਹ ਸੱਚ ਤੇ ਸੱਚੇ ਦੀ ਸੇਵਾ ਕਰ ਸਕੇਗਾ। ਹਰ ਗੁਰਸਿਖ ਤਿਆਰ ਬਰ ਤਿਆਰ ਭਾਵ ਅੰਮ੍ਰਿਤਧਾਰੀ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕਰਕੇ ਖਾਲਸਾ ਜਥੇ-ਬੰਦੀ ਵਿਚ ਸ਼ਾਮਲ ਹੋਵੇ।

ਇਸੇ ਜਥੇਬੰਦੀ ਲਈ ਸਤਿਗੁਰਾ ਨੇ ੨੩੯ ਸਾਲ ਲਗਾ ਆਪਨੇ ਸੁਖ ਅਰਾਮ ਤਿਆਗ ਕੇ ਖਾਲਸਾ-

( ਬਾਕੀ ਪੰਨਾ ੨੨ ਤੇ ...)


www.AKJ.Org

# ਸਿਖ ਇਤਿਹਾਸ ਵਿਚ ਔਰਤ ਦਾ ਸਥਾਨ ਅਤੇ ਕਰਤੱਵ-੨

(ਲੜੀ ਜੋੜਨ ਲਈ ਦੇਖੋ ਸੂਰਾ ਫਰਵਰੀ ੯੯)

(ਬੀਬੀ ਸਿਮਰਨ ਕੌਰ)

ਬੇਟੀ ਦਾ ਰੋਲ ਵੀ ਇਕ ਅਨੋਖਾ ਰੋਲ ਹੈ। ਬੀਬੀ ਭਾਨੀ ਜੀ ਦੀ ਪਿਤਾ-ਸ਼ਰਧਾ, ਪ੍ਰੇਮ ਤੇ ਸੇਵਾ ਦੀ ਮਿਸਾਲ ਮਿਲਣੀ ਮੁਸ਼ਕਲ ਹੈ। ਇਹ ਬੀਬੀ ਭਾਨੀ ਜੀ ਹੀ ਸਨ ਜਿਨ੍ਹਾਂ ਆਪਣੀ ਨਿਸ਼ਕਾਮ ਸੇਵਾ ਰਾਹੀਂ ਪਿਤਾ ਗੁਰੂ ਅਮਰਦਾਸ ਜੀ ਨੂੰ ਰੀਝਾਇਆ। ਇਹ ਵੀ ਭਾਨੀ ਜੀ ਹੀ ਸਨ ਜਿਨ੍ਹਾਂ ਮਿਥਿਹਾਸ ਨੂੰ ਇਤਿਹਾਸ ਬਣਾ ਕੇ ਦੱਸਿਆ। ਜੇ ਮਿਥਿਹਾਸਕ ਸਤੀ ਸਵਿਤਰੀ ਨੇ ਆਪਣੇ ਹੱਠ ਨਾਲ ਆਪਣੇ ਪਤੀ ਨੂੰ ਯਮਾਂ ਦੀ ਫਾਹੀ ਤੋਂ ਬਚਾਇਆ ਸੀ ਤਾਂ ਇਸੇ ਬੀਬੀ ਭਾਨੀ ਨੇ ਭਾਣੇ ਵਿਚ ਟਿੱਕ ਕੇ ਆਪਣੇ ਸਿਰ ਦੇ ਸਾਈਂ ਜਗਤ ਦੇ ਰਾਖੇ, ਗੁਰੂ ਰਾਮਦਾਸ ਜੀ ਨੂੰ ਗੁਰ-ਪਿਤਾ ਕੋਲੋਂ ਵਰ ਲੈ ਕੇ ਨਾ ਸਿਰਫ਼ ਉਮਰ ਦੇ ਸਾਲ ਹੀ ਵਧਵਾਏ ਸਗੋਂ ਨਿਹਚਲ ਰਾਜ ਜਗਤ ਤੋਂ ਲਿਆਉਣ ਦਾ ਕਾਰਨ ਬਣੀ।

ਬੀਬੀ ਭਾਨੀ ਜੀ ਨੇ ਮਾਂ ਰੂਪ ਵਿਚ ਜੋ ਅਸੀਸ ਗੁਰੂ ਅਰਜਨ ਦੇਵ ਜੀ ਨੂੰ ਦਿੱਤੀ ਤੇ ਪੰਜਵੇਂ ਪਾਤਸ਼ਾਹ ਨੇ ਗੂਜਰੀ ਰਾਗ ਵਿਚ ਆਪਣੇ ਸ਼ਬਦਾਂ ਵਿਚ ਅੰਕਤ ਕਰ ਕੇ ਬਖ਼ਸ਼ਸ਼ ਕੀਤੀ, ਉਹ ਸ਼ਬਦ ਹਰ ਹਿਰਦੇ ਤੇ ਉਕਰ ਦੇਣੇ ਚਾਹੀਦੇ ਹਨ ਤਾਂ ਕਿ ਬੱਚਾ ਸੰਸਾਰ ਸਾਗਰ ਵਿਚ ਰੁਲ ਗੋਤੇ ਨਾ ਖਾਏ ਅਤੇ ਕਿਨਾਰਾ ਪਾ ਲਵੇ। ਅਸੀਸਾਂ ਦਿੰਦੇ ਮਾ ਭਾਨੀ ਜੀ ਨੇ ਕਿਹਾ, 'ਹੇ ਪੁੱਤਰਾ ਤੈਨੂੰ ਮਾਂ ਦੀ ਇਹ ਅਸੀਸ ਹੈ ਕਿ ਤੈਨੂੰ ਪਰਮਾਤਮਾ ਅੱਖ ਝਮਕਣ ਜਿਤਨੇ ਸਮੇਂ ਲਈ ਵੀ ਨਾ ਭੁੱਲੇ, ਸਦਾ ਨਾਮ ਜਪਦਾ ਰਵ੍ਹੇਂ।'

ਪੂਤਾ ਮਾਤਾ ਕੀ ਆਸੀਸ॥
ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥੧॥ (ਗੂਜਰੀ ਮ:੫, ਪੰਨਾ ੪੯੬)

ਫਿਰ ਫ਼ੁਰਮਾਇਆ :

ਸਤਿਗੁਰੁ ਤੁਮ ਕਉ ਹੋਇ ਦਇਆਲਾ ਸੰਤ ਸੰਗਿ ਤੇਰੀ ਪ੍ਰੀਤਿ ॥
ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨੁ ਨੀਤਿ॥੨॥ (ਗੂਜਰੀ ਮ: ੫, ਪੰਨਾ ੪੯੬)

ਮਾਤਾ ਜੀ ਨੇ ਅਸੀਸਾਂ ਤੇ ਭੰਡਾਰ ਬਖ਼ਸ਼ਦੇ ਹੋਏ ਕਿਹਾ, 'ਪੁੱਤਰ ਨਾਮ ਜੋ ਜੀਵਨ ਦੇਂਦਾ ਹੈ, ਉਹ ਸਦਾ ਪੀਂਦੇ ਰਵ੍ਹੋ, ਸਦਾ ਅਮੁੱਕ ਅਨੰਦ ਬਣਿਆ ਰਹੇ। ਆਤਮਿਕ ਖ਼ੁਸ਼ੀਆਂ ਕੋਲ ਰਹਿਣ ਤਾਂ ਸਭ ਆਸਾਂ ਪੂਰੀਆਂ ਰਹਿੰਦੀਆਂ ਹਨ। ਪੁੱਤਰ ਜਦ ਆਤਮਿਕ ਅਨੰਦ ਕੋਲ ਹੋਵੇ, ਚਿੰਤਾ ਕਦੇ ਭੀ ਆਪਣਾ ਜ਼ੋਰ ਨਹੀਂ ਪਾਦੀ। ਇਹ ਮਾਤਾ ਭਾਨੀ ਜੀ ਦੀ ਅਸੀਸ ਹੈ ਜੋ ਅੱਜ ਹਰ ਬੱਚੇ ਨੂੰ ਦੇਣ ਦੀ ਲੋੜ ਹੈ।

ਮਾਤਾ ਗੰਗਾ ਜੀ ਦਾ ਰੋਲ ਵੀ ਘੱਟ ਨਹੀਂ। ਉਨ੍ਹਾਂ ਅਜਿਹੇ ਸੂਰਬੀਰ ਨੂੰ ਜਨਮ ਦਿਤਾ ਜਿਸ ਨੇ ਇਤਿਹਾਸ ਵਿਚ ਮੁਗ਼ਲਾਂ ਦੇ ਖ਼ਿਲਾਫ਼ ਜ਼ੁਲਮ ਦੇ ਖ਼ਿਲਾਫ਼ ਲੋਹਾ ਲਿਆ। ਪੀਰੀ ਦੇ ਨਾਲ ਮੀਰੀ ਦੀ ਤਲਵਾਰ ਪਹਿਨੀ ਤੇ ਚਲਾਈ। ਗੁਰੂ ਹਰਿਗੋਬਿੰਦ ਜੀ ਦੀ ਸਪੁਤਰੀ ਤੇ ਗੁਰੂ ਤੇਗ਼ ਬਹਾਦਰ ਜੀ ਦੀ ਮਾਤਾ ਨਾਨਕੀ ਜੀ ਨੇ ਗੁਰੂ ਤੇਗ਼ ਬਹਾਦਰ ਜੀ ਵਰਗੇ ਤੇਗ਼ ਦੇ ਧਨੀ ਪੈਦਾ ਕੀਤੇ।

ਮਾਤਾ ਗੁਜਰੀ ਜੀ ਉਹ ਪੂਜਨੀਕ ਮਾਤਾ ਸਨ ਜਿਨ੍ਹਾਂ ਨੇ ਆਪਣੇ ਪਤੀ ਦੀ ੨੬ ਸਾਲ ੭ ਮਹੀਨੇ ੧੨ ਦਿਨ ਤਪੱਸਿਆ ਦੇ ਦੌਰਾਨ ਦੁਨਿਆਵੀ ਸੁਖ ਤਿਆਗ ਕੇ ਸੇਵਾ ਕੀਤੀ। ਸ਼ਹੀਦ ਦੀ ਪਤਨੀ, ਸ਼ਹੀਦ ਦੀ ਮਾਤਾ, ਸ਼ਹੀਦ ਪੋਤਰਿਆਂ ਦੀ ਦਾਦੀ, ਮਾਤਾ ਗੁਜਰੀ ਜੀ ਪਹਿਲੀ ਸਿੱਖ ਇਸਤਰੀ ਸ਼ਹੀਦ ਹੋਈ ਹੈ ਜਿਸ ਨੇ ਠੰਢੇ ਬੁਰਜ ਵਿਚ ਕੈਦੀ ਬਣ ਕੇ ਵਜੀਦ ਖ਼ਾਂ ਦੇ ਤਸੀਹੇ ਸਹਿ ਕੇ ਸ਼ਹਾਦਤ ਪਾਈ ।

ਮਾਤਾ ਜੀਤੋ ਜੀ, ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਦੇਵਾਂ ਗੁਰੂ ਗੋਬਿੰਦ ਸਿੰਘ ਜੀ ਦੇ ਮਹਲ ਸਨ। ਮਾਤਾ ਸਾਹਿਬ ਦੇਵਾਂ ਜੀ ਨੇ ਅੰਮ੍ਰਿਤ ਵਿਚ ਮਿਠਾਸ ਘੋਲ ਕੇ ਖ਼ਾਲਸੇ ਦੀ ਮਾਤਾ ਕਹਾ ਉਨ੍ਹਾਂ ਦਾ ਮਾਣ ਹਾਸਲ ਕੀਤਾ। ਗੁਰ ਬਿਲਾਸ ਪਾਤਸ਼ਾਹੀ ਦਸਵੀਂ ਕ੍ਰਿਤ ਕੋਇਰ ਸਿੰਘ ਵਿਚ ਜ਼ਿਕਰ ਆਉਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਜਦ ਅੰਮ੍ਰਿਤ ਪਏ ਤਿਆਰ ਕਰਦੇ ਸਨ ਤਾਂ ਉਨ੍ਹਾਂ ਦੇ ਚਿਹਰੇ ਦਾ ਜਲਾਲ ਝੱਲਿਆ ਨਹੀਂ ਸੀ



www.AKJ.Org

ਜਾਂਦਾ। ਭਾਈ ਕ੍ਰਿਪਾ ਰਾਮ, ਜੋ ਗੁਰੂ ਤੇਗ਼ ਬਹਾਦਰ ਜੀ ਪਾਸ ਕਸ਼ਮੀਰੀ ਪੰਡਤਾਂ ਨਾਲ ਫ਼ਰਿਆਦ ਕਰਨ ਆਇਆ ਸੀ, ਉਥੇ ਹਾਜ਼ਰ ਸੀ। ਉਹ ਕੌਤਕ ਦੇਖ ਮਾਤਾ ਜੀ ਪਾਸ ਗਿਆ ਤੇ ਸਾਰੀ ਵਾਰਤਾ ਸੁਣਾਈ। ਮਾਤਾ ਜੀ ਨੇ ਉਸੇ ਸਮੇਂ ਪਤਾਸੇ ਪੱਲੇ ਬੰਨ੍ਹੇ ਤੇ ਅੰਮ੍ਰਿਤ ਤਿਆਰ ਹੁੰਦੇ ਵਿਚ ਆ ਪਏ। ਮਹਾਰਾਜ ਨੇ ਮਾਤਾ ਜੀ ਨੂੰ ਨਾ ਰੋਕਿਆ ਤੇ ਨਾ ਟੋਕਿਆ ਸਗੋਂ ਉਸ ਸਮੇਂ ਕਿਹਾ 'ਭਲੋ ਭਇਆ ਤੂੰ ਚਲ ਕਰ ਆਈ । ਤਾਤ ਮਾਤ ਦੀ ਅੰਸ ਖ਼ਾਲਸਾ ਹੋਇਆ ਹੈ। ਸਾਰੀ ਸੰਗਤ ਵੀ ਕਹਿਣ ਲੱਗੀ ਕਿ ਮਾ ਨੇ ਫ਼ਰਜ਼ ਨੂੰ ਪਛਾਣਿਆ ਹੈ।

ਧੰਨ ਹੀ ਧੰਨ ਕਹੈਂ ਸਭ ਹੀ ਜਨ ਮਾਤਾ ਕੀਓ ਉਪਕਾਰ ਗਨਾਈ।
ਜਲ ਥਲ ਮੈ ਜੋਤਿ ਬਿਰਾਜਤ ਮਾਤ ਕੀ, ਯਾਹਿ ਕਥਾ ਸੁਨ ਕੇ ਚਿਤ ਆਈ।
ਪੂਰਣ ਮੈ ਕਹਾਉਣ ਨਾ ਤਾ ਯੋਂ ਅਸ ਖੇਲ ਕੀਓ ਹਰਿਰਾਈ ॥੪॥ (੨੬ ਅਧਿਆਇ ਨੌਵਾਂ)

ਮਾਤਾ ਸੁੰਦਰੀ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਿੱਖ ਕੌਮ ਦੀ ਕਈ ਵਰ੍ਹੇ ਸਫ਼ਲ ਅਗਵਾਈ ਕੀਤੀ। ਤੱਤ ਖਾਲਸੇ ਤੇ ਬੰਦਈ ਖ਼ਾਲਸੇ ਦੇ ਝਗੜੇ ਦਾ ਫ਼ੈਸਲਾ ਨਿਪਟਾਇਆ। ਆਪ ਪਹਿਲੀ ਇਸਤਰੀ ਹਨ ਜਿਨ੍ਹਾਂ ਨੇ ਖ਼ਾਲਸੇ ਨੂੰ ਹੁਕਮਨਾਮੇ ਜਾਰੀ ਕਰ ਕੇ ਲੋੜੀਂਦੀ ਰਹਿਨੁਮਾਈ ਦਿੱਤੀ। ਆਪ ਨੇ ਸੰਕਟ ਸਮੇਂ ਜਿਵੇ ਵਿੱਚ ਪੈ ਕੇ ਕੌਮ ਨੂੰ ਬਚਾਇਆ, ਉਹ ਆਪ ਜੀ ਦੇ ਹੀ ਹਿੱਸੇ ਆਇਆ ਹੈ। ਮਾਤਾ ਜੀ ਨੂੰ ਜਦ ਭਾਈ ਮਨੀ ਸਿੰਘ ਜੀ ਨੇ ਲਿਖਿਆ ਕਿ ਦੇਸ਼ ਵਿਚ ਖ਼ਾਲਸੇ ਦਾ ਬਲ ਛੁੱਟ ਗਿਆ ਹੈ; ਸਿੰਘ ਪਰਬਤਾਂ ਬਨਾਂ ਵਿਚ ਜਾਂਦੇ ਬਸੇ ਹੈਨਿ; ਮਲੇਛ ਕੀ ਦੇਸ਼ ਮੇਂ ਦੋਹੀ ਹੈ; ਬਸਤੀ-ਬਾਲਕ ਜਵਾਂ ਇਸਤ੍ਰੀ ਸਲਾਮਤ ਨਹੀਂ; ਮੁਛ ਮੁਛ ਕਰ ਮਾਰਦੇ ਹਨ; ਗੁਰੂ ਦਰੋਹੀ ਵੀ ਉਨ੍ਹਾਂ ਕੇ ਸੰਗ ਮਿਲਿ ਗਏ ਹਨ; ਹਿੰਦਾਲੀਏ ਮਿਲ ਕਰ, ਮੁਖਬਰੀ ਕਰਦੇ ਹੈਨ; ਮੁਤਸਦੀ ਭਾਗ ਗਏ ਹਨ ਤਾਂ ਉਸ ਸਮੇਂ ਕੌਮ ਦੇ ਨਾਂ ਹੁਕਮਨਾਮੇ ਲਿਖ ਕੇ ਸਾਰੇ ਹਿੰਦੁਸਤਾਨ ਦੇ ਸਿੱਖਾਂ ਤੋਂ ਮਦਦ ਲਈ। ਇਕ ਹੁਕਮਨਾਮੇ ਵਿਚ ਲਿਖਿਆ ਕਿ ਹੁਣ ਮੈਨੂੰ ਤੇ ਨਾ ਹੀ ਕਿਸੇ ਹੋਰ ਥਾਂ ਦਸਵੰਧ ਭੇਜਣ ਦੀ ਲੋੜ ਹੈ; ਸਿੱਧਾ ਦਰਬਾਰ ਸਾਹਿਬ ਭੇਜੋ। ਦਿਨਾ ਵਿਚ ਹੀ ਦਰਬਾਰ ਸਾਹਿਬ ਰੌਣਕਾਂ ਹੋ ਗਈਆਂ।

ਸਿੱਖ ਇਤਿਹਾਸ ਵਿਚ ਇਸਤਰੀ ਦਾ ਇਕ ਅਨੋਖਾ ਰੋਲ ਹੈ, ਜੋ ਗੁਰੂ ਨਾਨਕ ਦੇਵ ਜੀ ਦਾ ਪਹਿਲਾ ਦੀਦਾਰ ਦੇਖੀਏ ਤਾਂ ਔਰਤ ਦੌਲਤਾ ਦਾਈ ਨੇ ਹੀ ਕੀਤਾ। ਪਹਿਲਾ ਸਿੱਖ ਕਹੀਏ ਤਾਂ ਬੇਬੇ ਨਾਨਕੀ। ਜੇ ਪਹਿਲੀ ਸੇਵਾ-ਪੰਥੀ ਕਹੀਏ ਤਾਂ ਮਾਤਾ ਖੀਵੀ। ਜੇ ਪਹਿਲੀ ਇਸਤਰੀ-ਸ਼ਹੀਦ ਕਹੀਏ ਤਾਂ ਮਾਤਾ ਗੁਜਰੀ। ਪਹਿਲੀ ਕੌਮੀ ਆਗੂ ਕਹੀਏ ਤਾਂ ਮਾਤਾ ਸੁੰਦਰੀ। ਜੇ ਪਹਿਲੀ ਤਿਆਗਣ ਕਹੀਏ ਤਾਂ ਮਾਤਾ ਸੁਲੱਖਣੀ ਜੋ ਗ੍ਰਹਿਸਤ ਜੀਵਨ ਪਾਉਣ ਤੋਂ ਬਾਅਦ ਵੀ 14 ਸਾਲ ਉਦਾਸੀ ਸਮੇਂ ਘਰ ਨੂੰ ਸੰਭਾਲੀ ਬੈਠੀ ਰਹੀ। ਚੰਗੀ ਸਿੱਖਿਆ ਦੇਣ ਵਾਲੀ ਬੀਬੀ ਭਾਨੀ। ਜੇ ਜਰਨੈਲ ਕਹੀਏ ਤਾਂ ਰਾਣੀ ਸਦਾ ਕੌਰ। ਗੱਲ ਕੀ ਸਿੱਖ ਧਰਮ ਵਿਚ ਔਰਤ ਹੀ ਸੀ ਜੋ ਹਰ ਪੱਖ ਵਿਚ ਇਕ ਨਿਵੇਕਲਾ ਤੇ ਪਹਿਲਾ ਸਥਾਨ ਬਣ ਕੇ ਬੈਠੀ ਹੋਈ ਹੈ। ਪਹਿਲੀ ਪੀੜ ਔਰਤ ਨੂੰ ਹੀ ਸਹਾਰਨੀ ਪੈਂਦੀ ਹੈ ਜਦੋਂ ਕੌਮ ਤੇ ਜ਼ੁਲਮ ਹੋਵੇ ਜਾਂ ਸਾਕਾ ਵਾਪਰੇ।

ਇਤਿਹਾਸ ਨੂੰ ਮੋੜਾ ਦੇਣ ਵਾਲੀ ਦਾ ਨਾਂ ਲੱਭੀਏ ਤਾਂ ਉਹ ਮਾਈ ਭਾਗੋਂ ਹੈ। ਜੇ ਮਾਈ ਭਾਗੋ ਬੇਦਾਵੀਏ ਸਿੰਘਾਂ ਨੂੰ ਵਾਪਸ ਲੈ ਕੇ ਕਮਾਂਡ ਕਰਦੀ ਹੋਈ ਖਿਦਰਾਣੇ ਦੀ ਢਾਬ ਤੇ ਜੰਗ ਨਾ ਕਰਦੀ ਤਾਂ ਸੰਭਵ ਹੈ ਖ਼ਾਲਸੇ ਦਾ ਇਤਿਹਾਸ ਅੱਜ ਨਾਲੋਂ ਵੱਖਰਾ ਹੁੰਦਾ।

ਮਾਈ ਭਾਗੋਂ ਨੂੰ ਕਮਾਂਡ ਕਰਦੀ ਵੇਖ ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਅਨੋਖੀ ਤਸੱਲੀ ਹੋਈ ਕਿ ਹੁਣ ਖ਼ਾਲਸਾ ਪੰਥ ਨੂੰ ਕੋਈ ਖ਼ਤਰਾ ਨਹੀਂ। ਜਿਸ ਕੌਮ ਵਿਚ ਔਰਤਾਂ ਰੱਖਿਆ ਕਰਨ ਦੇ ਕਾਬਲ ਹੋ ਜਾਣ ਉਹ ਕੌਮ ਕਦੇ ਮਰ ਨਹੀਂ ਸਕਦੀ।

ਗੁਰਬਿਲਾਸ ਪਾਤਸ਼ਾਹੀ ਦਸਵੀਂ ਵਿਚ ਇਕ ਬੜੀ ਰੋਚਕ ਸਾਖੀ ਭਾਈ ਰੂਪਾ ਜੀ ਦੀ ਬੇਟੀ ਦੀ ਲਿਖੀ ਹੋਈ ਹੈ ਕਿ ਕਿਸ ਸੂਝ ਦੀ ਉਹ ਮਾਲਕ ਸੀ। ਭਾਈ ਸਾਧੂ ਤੇ ਰੂਪਾ ਜੀ ਨੇ ਇਕ ਸਮੇਂ ਪਿਆਰ ਦੀ ਖੇਡ ਖੇਡੀ ਸੀ ਕਿ ਉਹ ਤਾਂ ਜਲ ਪੀਣਗੇ ਜੇ ਗੁਰੂ ਹਰਿਗੋਬਿੰਦ ਜੀ ਠੰਡਾ ਛਾਗਲ ਦਾ ਜਲ ਸੇਵਨ ਕਰਨ। ਛੇਵੇਂ ਪਾਤਸ਼ਾਹ ਨੇ ਆ ਜਲ ਪੀਤਾ ਤੇ ਬਖ਼ਸ਼ਸ਼ਾਂ ਕੀਤੀਆਂ। ਭਾਈ ਰੂਪਾ ਜੀ ਜਦ ਵੀ ਕਿਸੇ ਨੂੰ ਜਲ ਪਿਲਾਂਦੇ


www.AKJ.Org

ਸੀਤਲ ਜਲ ਹੀ ਪਿਲਾਂਦੇ। ਇਕ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਜਦ ਜਲ ਪੀਣ ਦੀ ਇੱਛਾ ਪ੍ਰਗਟਾਈ ਤਾਂ ਆਪ ਜੀ ਨੇ ਠੰਡਾ ਜਲ ਲਿਆ ਪੇਸ਼ ਕੀਤਾ। ਮਹਾਰਾਜ ਨੇ ਪ੍ਰਸੰਨ ਹੋ ਕੇ ਭਾਈ ਰੂਪਾ ਜੀ ਨੂੰ ਕਿਹਾ ਕਿ ਕੁਝ ਮੰਗੋ ਤਾਂ ਭਾਈ ਜੀ ਨੇ ਕਿਹਾ ਇਤਨੀ ਆਗਿਆ ਦਿਉ ਕਿ ਮੈਂ ਦੋਸਤਾਂ ਸੰਬੰਧੀਆਂ ਕੋਲੋਂ ਪੁੱਛ ਆਵਾਂ। ਕੋਇਰ ਸਿੰਘ ਦੇ ਸ਼ਬਦਾਂ ਵਿਚ ਪਹਿਲਾ ਭਾਈ ਰੂਪਾ ਨੇ ਦੋਸਤਾਂ ਕੋਲੋਂ ਪੁਛਿਆ ਕਿ ਗੁਰੂ ਪ੍ਰਸੰਨ ਹੋਏ ਹਨ ਕੀ ਮੰਗਾਂ ਤਾਂ ਉਨ੍ਹਾਂ ਕਿਹਾ ਕਿ 'ਫ਼ੌਜਾਂ ਮੰਗ ਤਾਂ ਕਿ ਤੇਰਾ ਦਰਬਾਰ ਹੋਵੇ'। ਭਰਾਵਾਂ ਕਿਹਾ ਕਿ ਮੰਗਣਾ ਹੀ ਹੈ ਤਾਂ ਜ਼ਮੀਨ ਮੰਗ ਤਾਂ ਕਿ ਸਭ ਅਨੰਦ ਮਾਣੀਏ। ਘਰ ਵਾਲੀ ਨੇ ਕਿਹਾ ਕਿ ਪੁੱਤਰ, ਨੂੰਹ, ਗਹਿਣਾ ਮੰਗ ਪਰ ਜਦ ਬੇਟੀ ਨੂੰ ਪੁਛਿਆ ਤਾਂ ਉਸ ਕਿਹਾ : 'ਪਿਤਾ ਜੀ ਮੰਗਣਾ ਤਾ ਇਹ ਮੰਗਣਾ ਕਿ ਜੋ ਘਰ ਆਵੇ ਰਾਜ਼ੀ ਜਾਵੇ। ਅਸੀਂ ਸੇਵਾ ਕਰਦੇ ਰਹੀਏ ਤੇ ਕੋਈ ਦੁਖੀ ਨਾ ਜਾਵੇ। ਤਾਹਿ ਕਹਯੋ

ਪਿਤਾ । ਇਹੁ ਬਰ ਆਛੀ। ਜੋ ਆਵੈ ਸੋ ਤ੍ਰਿਪਤ ਸੁ ਸਾਛੀ।
ਸਬ ਹੀ ਸੇਵਾ ਮੈ ਬਨ ਆਵੈ। ਹਮ ਤੇ ਦੁਖੀ ਨ ਕੋਈ ਜਾਵੈ।। (ਪੰਨਾ ੧੯੩)

ਸਭ ਇਤਿਹਾਸਕਾਰ ਇਕ ਜ਼ਬਾਨ ਹਨ ਕਿ ਰਾਣੀ ਸਦਾ ਕੌਰ ਹਿੰਦੁਸਤਾਨ ਦੀਆਂ ਮਾਇਆਨਾਜ਼ ਔਰਤਾਂ ਵਿਚ ਸਰਬ-ਉਚਾ ਦਰਜਾ ਰਖਦੀ ਹੈ। ਉਸ ਦੀ ਹਸਤੀ ਸਿੱਖ ਇਤਿਹਾਸ ਵਿਚ ਆਮ ਕਰਕੇ ਅਤੇ ਮਹਾਰਾਜਾ ਰਣਜੀਤ ਸਿੰਘ ਕਾਲ ਵਿਚ ਖ਼ਾਸ ਕਰ ਯਾਦਗਾਰੀ ਜ਼ਮਾਨਾ ਹੈ। ਲਗਾਤਾਰ ਤੇਤੀ ਸਾਲ (1792-1825) ਤਕ ਪੰਜਾਬ ਦੀ ਸੇਵਾ ਕੀਤੀ। ਪੰਜਾਬ ਦੇ ਸਿਆਸੀ ਗਗਨ ਦੇ ਉਚੇ ਕਮਲ ਦੇਖ ਕੇ ਮਨੁੱਖ ਹੈਰਾਨ ਰਹਿ ਜਾਂਦਾ ਹੈ। ਇਸ ਦਾ ਅਮੁੱਕ ਦੇਸ਼ ਪਿਆਰ, ਇਸ ਦੀ ਪ੍ਰਬੰਧਕ ਸ਼ਕਤੀ, ਇਸ ਦੀ ਮੈਦਾਨਿ ਜੰਗ ਵਿਚ ਨਿਡਰਤਾ ਤੇ ਬੀਰਤਾ ਆਪਣੀ ਨਜ਼ੀਰ ਆਪ ਹੈ। ਖ਼ਾਲਸਾ ਰਾਜ ਦੀ ਉਸਾਰੀ ਸਮੇਂ ਇਹ ਸਭ ਤੋਂ ਮੋਹਰੇ ਰਹਿੰਦੀ ਰਹੀ ਹੈ। ਇਸ ਨੇ ਆਪਣੀ ਸ਼ਕਤੀ, ਰਸੂਖ਼ ਅਤੇ ਯੋਗਤਾ ਮਹਾਰਾਜਾ ਰਣਜੀਤ ਸਿੰਘ ਨੂੰ ਕਾਮਯਾਬ ਕਰਨ ਲਈ ਵਰਤੀ। ਸਿੱਖ ਰਾਜ ਦੀ ਉਸਾਰੀ ਵਿਚ ਇਸ ਨੇ ਮੀਰ ਈਮਾਰਤ (ਚੀਫ਼ ਆਰਕੀਟੈਕਟ) ਦਾ ਕੰਮ ਕੀਤਾ। ਲੇਪਲ ਗਰਿਫ਼ਨ ਦਾ ਕਹਿਣਾ ਹੈ ਕਿ ਮਾਈ ਸਦਾ ਕੌਰ ਇਸਤਰੀ ਸ਼੍ਰੇਣੀ ਵਿਚ ਅਦੁੱਤੀ ਬਹਾਦੁਰ ਅਤੇ ਅਸਾਧਾਰਨ ਯੋਗਤਾ ਦੀ ਮਾਲਕ ਸੀ।

ਇਹ ਇਤਿਹਾਸਕ ਸਚਾਈ ਹੈ ਕਿ ਰਾਣੀ ਸਦਾ ਕੌਰ ਦੀ ਅਗਵਾਈ ਅਤੇ ਸਹਾਇਤਾ ਨਾ ਹੁੰਦੀ ਤਾਂ ਮਹਾਰਾਜਾ ਰਣਜੀਤ ਸਿੰਘ ਦੀ ਮਿਸਲ ਸ਼ੁਕਰਚੱਕੀਆ ਦਾ ਇਲਾਕਾ ਉਸ ਦੇ ਦੀਵਾਨ ਨੇ ਹੀ ਨਪ ਲੈਣਾ ਸੀ। ਫਿਰ ਜਦ ਸ਼ਾਹ ਜਮਾਨ ਨੇ ਸ਼ਾਹੀ ਕਿਲ੍ਹੇ ਲਾਹੌਰ ਵਿਚ ਬੈਠਿਆ ਫੜ੍ਹ ਮਾਰੀ ਕਿ ਕਿੱਥੇ ਹੈ ਸਿੱਖਾਂ ਦੀ ਬਹਾਦਰੀ ਜੋ ਮੇਰੇ ਘੋੜਿਆਂ ਦੇ ਸੁੰਮਾਂ ਦੀ ਆਵਾਜ਼ ਸੁਣ ਕੇ ਹੀ ਨੱਸ ਗਏ ਹਨ ਤਾਂ ਸਰਦਾਰਨੀ ਸਦਾ ਕੌਰ ਨੇ ਹੀ, ਇਮਪੀਰੀਅਲ ਰੀਕਾਰਡਜ਼, ਫ਼ਾਰਨ ਡੀਪਾਰਟਮੈਂਟ, 14 ਦਸੰਬਰ 1798 ਦੇ ਲਿਖੇ ਅਨੁਸਾਰ, ਸਿੱਖ ਸਰਦਾਰਾਂ ਨੂੰ ਵੰਗਾਰ ਪਾਈ ਕਿ ਸ਼ਾਹ ਜਮਾਨ ਦੇ ਟਾਕਰੇ ਲਈ (ਮਹਾਰਾਜਾ) ਰਣਜੀਤ ਸਿੰਘ ਦੀ ਮਦਦ ਤੇ ਨਿਕਲਣ। ਜੇ ਉਨ੍ਹਾਂ ਵਿਚ ਸੰਕੋਚ ਹੈ ਤਾਂ ਮਰਦਾਨੇ ਕਪੜੇ ਉਤਾਰ ਸੁੱਟਣ ਅਤੇ ਜ਼ਨਾਨਾ ਪਹਿਨਣ, ਘਰ ਬੈਠਣ, ਉਹ ਆਪ ਮਰਦਾਵੇਂ ਭੇਸ਼ ਵਿਚ ਦੁਸ਼ਮਣ ਵਿਰੁੱਧ ਲੜੇਗੀ। ਉਹ ਆਪ ਘੋੜ ਸਵਾਰ ਹੋ ਰਣਜੀਤ ਸਿੰਘ ਨਾਲ ਲਾਹੌਰ ਗਈ ਅਤੇ ਸੁੰਮਨ ਬੁਰਜ ਹੇਠਾਂ (ਮਹਾਰਾਜਾ) ਸ਼ਾਹ ਜਮਾਨ ਨੂੰ ਵੰਗਾਰ ਪਾਈ। ਸੋਹਣ ਲਾਲ ਸੂਰੀ ਦਾ ਕਹਿਣਾ ਹੈ ਕਿ ਵੰਗਾਰ ਦੇ ਸ਼ਬਦ ਸਨ :"ਆ ਓਇ ਅਬਦਾਲੀ ਦੇ ਪੋਤਰੇ । ਤੈਨੂੰ ਚੜ੍ਹਤ ਸਿੰਘ ਦਾ ਪੋਤਰਾ ਪੁਕਾਰਦਾ ਈ ।"

ਅਗਲੇ ਸਾਲ ਫਿਰ 27 ਜੂਨ, 1799 ਨੂੰ ਉਹ ਆਪਣੀ ਮਿਸਲ ਕਨ੍ਹਈਆ ਦੀ ਅਗਵਾਈ ਕਰਦੀ ਦਿੱਲੀ ਦਰਵਾਜ਼ੇ ਰਾਹੀਂ ਪੁੱਜੀ ਸੀ! ਸਰਦਾਰਨੀ ਸਦਾ ਕੌਰ ਵਿਉਂਤ ਮੁਤਾਬਕ ਹੀ ਬਗ਼ੈਰ ਖ਼ੂਨ ਖ਼ਰਾਬੇ ਦੇ ਸ਼ਾਹੀ ਕਿਲ੍ਹੇ ਤੇ ਕਬਜ਼ਾ ਹੋਇਆ। ਸ੍ਰੀ ਅੰਮ੍ਰਿਤਸਰ ਵੀ ਸਰਦਾਰਨੀ ਸਦਾ ਕੌਰ ਦੀ ਸਿਆਣਪ ਸਦਕਾ ਬਗ਼ੈਰ ਖ਼ੂਨ ਦਾ ਤੁਪਕਾ ਵਗਾਏ ਹੱਥ ਆਇਆ।

ਸਰਦਾਰਨੀ ਸਦਾ ਕੌਰ ਸਦਾ ਤੱਤਪਰ ਰਹਿਣ ਵਾਲੀ ਬੀਰ ਔਰਤ ਸੀ। ਜਦ ਹਰਕਾਰੇ ਨੇ ਬਟਾਲੇ ਖ਼ਬਰ ਦਿੱਤੀ ਕਿ ਉਨ੍ਹਾਂ ਦਾ ਪਤੀ ਸਰਦਾਰ ਗੁਰਬਖਸ਼ ਸਿੰਘ ਉਚ (ਮੁਲਤਾਨ) ਦੀ ਲੜਾਈ ਵਿਚ ਮੈਦਾਨ ਵਿਚ ਹੀ ਚੜ੍ਹਾਈ ਕਰ ਗਿਆ ਹੈ ਤਾਂ ਸੋਗੀ ਹੋਣ ਦੀ ਥਾਂ ਉਸ ਸਮੇਂ ਘੋੜੇ 'ਤੇ ਸਵਾਰ ਹੋ ਮੈਦਾਨਿ ਜੰਗ ਵਿਚ ਪੁੱਜੀ।


www.AKJ.Org

ਅਤੇ ਪਤੀ ਦੇ ਸਭ ਸ਼ਸਤਰ ਆਪ ਪਹਿਨ ਲਏ ਤੇ ਕਨ੍ਹਈਆ ਮਿਸਲ ਦੀ ਅਗਵਾਈ ਆਪ ਸੰਭਾਲ ਲਈ। ਸਿਆਣਪ ਨਾਲ ਨਿਤ ਵਾਦ-ਵਿਵਾਦ ਨੂੰ ਮੂਲੋਂ ਮੁਕਾਉਣ ਲਈ ਆਪਣੀ ਲੜਕੀ ਮਹਿਤਾਬ ਕੌਰ ਦਾ ਰਿਸ਼ਤਾ ਸਰਦਾਰ ਮਹਾ ਸਿੰਘ ਦੇ ਲੜਕੇ ਮਹਾਰਾਜਾ ਰਣਜੀਤ ਸਿੰਘ ਨਾਲ ਕਰ ਦਿੱਤਾ। ਜਦ ਸ਼ੁਕਰਚੱਕੀਆ ਦੇ ਮੁਖੀ ਸਰਦਾਰ ਮਹਾਂ ਸਿੰਘ 27 ਸਾਲ ਦੀ ਭਰ ਜਵਾਨੀ ਵਿਚ ਚੜ੍ਹਾਈ ਕਰ ਗਏ ਤਾਂ ਇਸ ਨੇ ਹੀ ਬਾਲਕ ਰਣਜੀਤ ਸਿੰਘ ਨੂੰ ਅਮਲੀ ਤੌਰ ਦੇ ਪਾਲਿਆ, ਪੋਸਿਆ, ਜਵਾਨ ਕੀਤਾ ਅਤੇ ਫਿਰ ਮਹਾਰਾਜ ਦੀ ਪਦਵੀ ਤਕ ਪਹੁੰਚਾਇਆ। ਵੱਡੇ ਵੱਡੇ ਨਾਮਵਰ ਜਰਨੈਲਾਂ ਦੇ ਮੋਢੇ ਨਾਲ ਮੋਢਾ ਲਗਾ ਮੈਦਾਨ ਵਿਚ ਜੂਝਣਾ ਇਸ ਦੇ ਲਈ ਮਾਮੂਲੀ ਜਿਹਾ ਕੰਮ ਸੀ। ਰਾਜ ਦਾ ਪ੍ਰਬੰਧ ਇਸ ਖ਼ੂਬੀ ਨਾਲ ਕਰਦੀ ਕਿ ਵੱਡੇ ਵੱਡੇ ਰਸ਼ਕ ਖਾਂਦੇ ਸਨ।

ਹੋਰ ਸਿੰਘਣੀਆਂ ਦੇ ਉਦਾਹਰਣ ਵੀ ਮਿਲਦੇ ਹਨ ਜਿੰਨ੍ਹਾਂ ਆਪਣਾ ਰੋਲ ਬੜੇ ਸੁਹਣੇ ਢੰਗ ਨਾਲ ਨਿਭਾਇਆ। ਸਿੰਘਣੀਆਂ ਵੀ ਮੋਢੇ ਨਾਲ ਮੋਢਾ ਡਾਹ ਕੇ ਨਾਲ ਜੂਝਦੀਆਂ, ਹੱਸ ਹੱਸ ਹਰ ਸੰਗਰਾਮ ਵਿਚ ਹਿੱਸਾ ਪਾਂਦੀਆਂ। ਵਿਲੀਯਮ ਫਰੈਂਕਲਨ ਦੇ ਸ਼ਬਦਾਂ ਵਿਚ ਕਿਤਨੀਆਂ ਹੀ ਅਜਿਹੀਆਂ ਉਦਾਹਰਣਾਂ ਹਨ ਕਿ ਜਦ ਸਿੱਖ ਬੀਬੀਆਂ ਨੇ ਹਥਿਆਰ ਚੁੱਕ ਕੇ ਇਲਾਕੇ ਦੇ ਦੁਸ਼ਮਣਾਂ ਦੇ ਕੋਝੇ ਹਮਲਿਆਂ ਤੋਂ ਰੱਖਿਆ ਕੀਤੀ ਅਤੇ ਜੰਗ ਵੇਲੇ ਨਿਰਾਲੀ ਜੁਰਅੱਤ ਦਾ ਪ੍ਰਗਟਾਵਾ ਕੀਤਾ।

ਭਾਈ ਤਾਰੂ ਸਿੰਘ ਜੀ ਦੀ ਮਹਾਨ ਸ਼ਹੀਦੀ ਦੇ ਪ੍ਰਸੰਗ ਵਿਚ ਉਨ੍ਹਾਂ ਦੀ ਭੈਣ ਤੇ ਮਾਤਾ ਦਾ ਕਰਤੱਵ ਉਹਲੇ ਹੀ ਹੋ ਗਿਆ ਹੈ। ਸਾਡੇ ਇਤਿਹਾਸ ਨੇ ਲਿਖਿਆ ਹੈ ਕਿ ਨਿਰੰਜਨੀਏ ਨੇ ਜ਼ਕਰੀਆ ਖ਼ਾਨ ਪਾਸ ਸ਼ਿਕਾਇਤ ਹੀ ਇਹ ਕੀਤੀ ਸੀ ਕਿ –

ਹੈ ਤਾਰੂ ਸਿੰਘ ਜੀ ਇਕ ਭੈਣ ਔਰ ਮਾਈ ਪੀਸ ਕੂਟ ਵੈ ਕਰੈ ਕਮਾਈ ॥੧੮॥

ਜੋ ਦਿਨ ਰਾਤ ਚੱਕੀ ਪੀਹ ਚੁਲ੍ਹਾ ਬਾਲ ਲੰਗਰ ਤਿਆਰ ਰੱਖਦੀਆਂ ਹਨ। ਇਤਨੀਆਂ ਦ੍ਰਿੜ੍ਹ ਇਰਾਦੇ ਦੀਆਂ ਹਨ, ਇਹ ਮਾਵਾਂ-ਧੀਆਂ ਕਿ –

ਸ਼ਬਦ ਚੌਕੀ ਗੁਰ ਅਪਨੇ ਕੀ ਕਰੇ। ਸੋ ਮਰਦੇ ਤੇ ਨੈਕ ਨ ਡਰੇ ।

ਸਭ ਤੋਂ ਵੱਡੀ ਗੱਲ :

ਗੰਗਾ ਜਮਨਾ ਨਿਕਟ ਨਾ ਜਾਵੇ। ਆਪਨੇ ਗੁਰ ਕੀ ਛਪੜੀ ਨਾਵੈ।

ਜਗਤ ਨਾਥ ਕੋ ਟੂੰਡਾ ਆਖੈ। ਰਾਮ ਕਿਸ਼ਨ ਕੋ ਜਾਪ ਨਾ ਭਾਖੈ।

ਮਾਂ-ਧੀ ਦੇ ਪਕੜੇ ਜਾਣ ਤੇ ਲਾਹੌਰ ਦੇ ਵਸਨੀਕਾਂ ਨੇ ਲੱਖ-ਲੱਖ ਰੁਪਿਆ ਤਾਰ ਕੇ ਛੁਡਾਇਆ। ਭਾਈ ਰਤਨ ਸਿੰਘ ਭੰਗੂ ਨੇ ਸਰੰਦਾਰ ਜੱਸਾ ਸਿੰਘ ਆਹਲੂਵਾਲੀਏ ਦਾ ਬਿਰਤਾਂਤ ਲਿਖ ਕੇ ਜੋ ਉਨ੍ਹਾਂ ਦੀ ਮਾਂ ਬਾਰੇ ਲਿਖਿਆ ਹੈ, ਉਹ ਹਰ ਇਕ ਮਾਂ 'ਤੇ ਢੁੱਕਦਾ ਅਤੇ ਉਚੇਚਾ ਧਿਆਨ ਦੇ ਪੜ੍ਹਨਾ ਚਾਹੀਦਾ ਹੈ।

'ਜਦ ਪਿੰਡ ਦਾ ਗਰੀਬ ਕਿਰਤੀ ਸਿੰਘ ਭਾਈ ਦਯਾਲ ਸਿੰਘ ਗੁਜ਼ਰ ਗਿਆ ਤਾਂ ਉਸ ਦੀ ਸਿੰਘਣੀ ਨੇ ਆਪਣੇ ਯਤੀਮ ਬੱਚੇ ਦੀ ਇਸ ਸ਼ਾਨਦਾਰ ਢੰਗ ਨਾਲ ਪਾਲਣਾ ਪੋਸਣਾ ਕੀਤੀ ਕਿ ਉਹ ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਹੋ ਨਿਬੜਿਆ ।

ਮਾਂ ਨੂੰ ਗੁਰਬਾਣੀ ਕੰਠ ਘਨੇਰੀ ਸੀ। ਪੋਥੀ ਉਹ ਗਾਤਰੇ ਰੱਖਦੀ। ਰੋਜ਼ ਨਿਸ਼ੰਗ ਹੋ ਕੇ ਸਿੱਖ ਸੰਗਤਾਂ ਦੇ ਸਜੇ ਦੀਵਾਨ ਜਾਂਦੀ। ਅੰਮ੍ਰਿਤ ਵੇਲਾ ਕਦੇ ਖੁੰਝਾਇਆ ਨਹੀਂ ਸੀ। ਸ਼ਾਮ ਨੂੰ ਸੋਦਰ ਜ਼ਰੂਰ ਪੜ੍ਹਦੀ। ਕੀਰਤਨ ਵੀ ਬੜਾ ਮਧੁਰ ਦੁਤਾਰੇ ਨਾਲ ਕਰਦੀ। ਸੰਗਤਾਂ ਬੜੇ ਚਾਅ ਨਾਲ ਸੁਣਦੀਆਂ। ਜਿਸ ਜੱਥੇ ਨੇ ਬੁਲਾਇਆ ਕਦੇ ਨਾਂਹ ਨ ਕੀਤੀ। ਪੈਂਡਾ ਕਰ ਕੇ ਵੀ ਪੁੱਜਦੀ।

ਜਹਾਂ ਖਾਲਸੇ ਲਾਇ ਦੀਵਾਨ। ਜਾਇ ਕਰੈ ਸ਼ਬਦ ਚੌਕੀ ਗਾਨ।

ਕਿਤਨੀ ਕੁਰਬਾਨੀ ਭਰੀ ਹੋਈ ਸੀ ਸਿੰਘਣੀਆਂ ਵਿਚ ਕਿ ਜਦ ਆਪ ਸੀ ਤੇ ਵੈਸਾਖੀ ਵਾਲੇ ਦਿਨ ਜੱਸਾ ਸਿੰਘ ਨੂੰ ਨਾਲ ਬਿਠਲਾ, ਸ੍ਰੀ ਅੰਮ੍ਰਿਤਸਰ ਸਾਹਿਬ ਕੀਰਤਨ ਕੀਤਾ ਤਾਂ ਸਾਰੇ ਮੁਗਧ ਹੋਏ। ਨਵਾਬ ਕਪੂਰ ਸਿੰਘ ਜੀ ਨੇ ਬੱਚੇ ਨੂੰ ਕੋਲ ਸੱਦਿਆ ਤੇ ਮਾਂ ਕੋਲੋਂ ਬਾਲ ਜੱਸਾ ਸਿੰਘ ਪੰਥ ਲਈ ਮੰਗਿਆ। ਇਕੋ ਇਕ ਬੱਚਾ ਮਾਂ ਨੇ ਚਾਅ ਨਾਲ ਹਵਾਲੇ ਕਰ ਦਿੱਤਾ।


www.AKJ.Org

ਮਾਤਾ ਭੀ ਉਸ ਹੁਇ ਖੁਸ਼ੀ ਦੀਨੀ ਬਾਹਿ ਫੜਾਇ ।

ਮਾਤਾਵਾਂ ਦੇ ਗਲਾਂ ਵਿਚ ਉਨ੍ਹਾਂ ਦੇ ਮਾਸੂਮ ਬੱਚਿਆਂ ਦੇ ਟੋਟੇ ਕਰ ਕੇ ਹਾਰ ਪਾਏ ਗਏ। ਪਰ ਮਜਾਲ ਹੈ ਜੇ ਕਿਸੇ ਸੀ ਤੱਕ ਕੀਤੀ ਹੋਵੇ। ਸਵਾ-ਸਵਾ ਮਣ ਪੀਸਣਾ ਤਾਂ ਇਕ ਛੋਟੀ ਜਿਹੀ ਗੱਲ ਸੀ। ਪਿਛੋਂ ਜਾ ਕੇ ਗਰਿਫਨ ਨੇ ਵੀ ਇਹ ਹੀ ਲਿਖਿਆ ਹੈ ਕਿ ਸਿੱਖ ਔਰਤਾਂ ਸੂਝ ਤੇ ਪ੍ਰਬੰਧਕੀ ਮਾਮਲਿਆਂ ਵਿਚ ਮਰਦਾਂ ਨਾਲੋਂ ਕਿਸੇ ਗੱਲੋਂ ਘੱਟ ਨਹੀਂ ਸਨ। ਰਾਣੀ ਸਦਾ ਕੌਰ ਦੀ ਸੂਝ, ਸਿਆਣਪ ਤਾਂ ਅਖਾਣ ਹੈ। ਸਰਦਾਰ ਚੜ੍ਹਤ ਸਿੰਘ ਦੇ ਘਰ ਮਾਈ ਦੇਸਾਂ ਨਿਪੁੰਨ ਪ੍ਰਬੰਧਕ ਤੇ ਚਤੁਰ ਨੀਤੀਵਾਨ ਸੀ। ਭਾਈ ਤਾਰਾ ਸਿੰਘ ਘੈਬਾ ਦੀ ਸੁਪਤਰੀ ਮਾਈ ਰਤਨ ਕੌਰ ਦਲੇਰੀ ਦੀ ਮੂਰਤ ਸੀ। ਬਾਬਾ ਆਲਾ ਸਿੰਘ ਦੇ ਘਰੋਂ ਮਾਈ ਫਤੋਂ ਹਰ ਵੇਲੇ ਪਤੀ ਦੀ ਸਹਾਇਕ ਸੀ। ਮੁਲਤਾਨ ਦੇ ਹੱਲੇ ਵੇਲੇ ਮਹਾਰਾਜਾ ਰਣਜੀਤ ਸਿੰਘ ਦੀ ਰਾਣੀ ਦਾਤਾਰ ਕੌਰ ਨੇ ਆਪਣੇ ਜ਼ਿੰਮੇ ਰਸਦ ਪਾਣੀ ਪਹੁੰਚਾਉਣ ਦਾ ਜ਼ਿੰਮਾ ਲਿਆ ਸੀ।

ਮਹਾਰਾਣੀ ਜਿੰਦਾ ਦਾ ਰੋਲ ਉਚੇਚਾ ਧਿਆਨ ਮੰਗਦਾ ਹੈ। ਅੰਗਰੇਜ਼ ਕਹਿੰਦੇ ਸਨ ਕਿ ਇਕ ਹੀ ਮਰਦ ਹੈ ਰਾਣੀ ਜਿੰਦਾਂ। ਜਿੰਦਾਂ ਹੀ ਲਾਰਡ ਡਲਹੌਜ਼ੀ ਨੂੰ ਲਿਖ ਸਕਦੀ ਸੀ ਕਿ :-

ਰਖ ਲੌ ਦੋ ਚਾਰ ਨਿਮਕ ਹਰਾਮਾਂ ਨੂੰ ਅਤੇ ਬਾਕੀ ਪੰਜਾਬ ਨੂੰ ਫਾਂਸੀ ਲਗਾ ਦੇਹ।

ਮਹਾਰਾਣੀ ਜਿੰਦਾਂ ਨੇ ਉਸ ਸਮੇਂ ਤੱਕ ਦਮ ਨਾ ਲਿਆ ਜਦ ਤਕ ਮਹਾਰਾਜਾ ਦਲੀਪ ਸਿੰਘ ਨੂੰ ਫਿਰ ਸਿੱਖ ਬਾਣੇ ਵਿਚ ਨਾ ਦੇਖ ਲਿਆ :

'ਸਿੱਖ ਰਹਿਤ ਮਰਯਾਦਾ' ਵਿਚ ਹੀ ਔਰਤ ਨੂੰ ਬਰਾਬਰ ਦੇ ਅਧਿਕਾਰ ਦਿੱਤੇ ਗਏ ਹਨ। ਸਗੋਂ ਬੜੀ ਤਾੜਨਾ ਕੀਤੀ ਹੈ :

ਗੁਰ ਕਾ ਸਿੱਖ ਕੰਨਿਆ ਨਾ ਮਾਰੇ, ਕੁੜੀ ਮਾਰ ਨਾਲ ਨ ਵਰਤੇ -ਗੁਰਮਤਿ ਦੀ ਰਹਣੀ

ਅੰਮ੍ਰਿਤ ਸੰਸਕਾਰ ਦੇ ਸਿਰਲੇਖ ਹੇਠ ਲਿਖਿਆ ਹੈ ਕਿ 'ਹਰ ਦੇਸ਼, ਹਰ ਮਜ਼ਹਬ ਤੇ ਜਾਤੀ ਦੇ ਹਰ ਇਕ ਇਸਤਰੀ ਪੁਰਸ਼ ਨੂੰ ਅੰਮ੍ਰਿਤ ਛੱਕਣ ਦਾ ਅਧਿਕਾਰ ਹੈ।'

ਸਭ ਤੋਂ ਵੱਡੀ ਗੱਲ ਇਹ ਲਿਖੀ ਹੈ ਕਿ ਅੰਮ੍ਰਿਤ ਛਕਾਉਣ ਵਾਲੀ ਥਾਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ। ਘੱਟ ਤੋਂ ਘੱਟ ਛੇ ਤਿਆਰ ਬਰ ਤਿਆਰ ਸਿੰਘ ਹਾਜ਼ਰ ਹੋਣ। ਜਿੰਨਾਂ 'ਚੋਂ ਇਕ ਤਾਬਿਆ ਬੈਠੇ ਤੇ ਬਾਕੀ ਪੰਜ ਅੰਮ੍ਰਿਤ ਛਕਾਉਣ ਲਈ ਹੋਣ। ਇੰਨਾਂ ਵਿਚੋਂ ਸਿੰਘਣੀਆਂ ਭੀ ਹੋ ਸਕਦੀਆਂ ਹਨ।

ਮੰਜੀਆਂ ਵਿਚੋਂ ਇਕ ਮੰਜੀ ਪਤੀ-ਪਤਨੀ ਮਥੋ-ਮੁਰਾਰੀ ਅਤੇ ਦੋ ਤਾਂ ਨਿਰੋਲ ਬੀਬੀਆਂ ਮਾਈ ਸੇਵਾਂ ਤੇ ਬੀਬੀ ਭਾਗੋ ਨੂੰ ਹੀ ਦਿੱਤੀਆਂ ਗਈਆਂ ਸਨ। ਜਦ ਗੁਰਦੁਆਰਾ ਐਕਟ 1925 ਵਿਚ ਬਣਿਆ ਸੀ ਤਾਂ ਸੰਸਾਰ ਭਰ ਵਿਚ ਪਹਿਲੀ ਵਾਰੀ ਵੋਟ ਦਾ ਅਧਿਕਾਰ ਵੀ ਸਿੱਖ ਔਰਤ ਨੂੰ ਮਿਲਿਆ ਸੀ।

ਇਥੋਂ ਤਕ ਕਿ ਭਾਈ ਵੀਰ ਸਿੰਘ ਜੀ ਨੇ ਜਦ ਢੱਠੇ ਮਨਾਂ ਨੂੰ ਥੰਮ੍ਹੀ ਦੇ ਕੇ ਖੜਾ ਕਰ ਕੇ ਚੜ੍ਹਦੀ ਕਲਾ ਭਰਨੀ ਸੀ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਸੁੰਦਰੀ ਨਾਂ ਦਾ 'ਚਰਿਤ' ਲਿਖਿਆ ਤਾਂ ਕਿ ਉਸ ਨੂੰ ਪੜ੍ਹ ਕੇ ਕੌਮ ਵਿਚ ਗੌਰਵ ਜਾਗੇ। ਭਾਈ ਵੀਰ ਸਿੰਘ ਨੇ ਆਪਣੀ ਪੁਸਤਕ ਦੇ ਮੱਥੇ ਤੇ ਜੋ ਇਬਾਰਤ ਲਿਖੀ ਉਹ ਉਚੇਚਾ ਧਿਆਨ ਮੰਗਦੀ ਹੈ। ਉਨ੍ਹਾਂ ਲਿਖਿਆ :

ਧਰਮ ਮੂਰਤਿ ਸੁੰਦਰ ਕੌਰ ਚਰਿਤ ਪ੍ਰਸਿੱਧ ਨਾਮ ਸ੍ਰੀਮਤੀ ਸੁੰਦਰੀ ਜੀ
ਦੇ ਦਰਦਨਾਕ ਸਮਾਚਾਰ ਤੇ ਪੁਰਾਤਨ ਖ਼ਾਲਸੇ ਜੀ ਦੀ ਬਹਾਦਰੀ,
ਧਰਮ ਪਾਲਣੇ ਦੇ ਕਰੜੇ ਖੇਦਾਂ ਦੇ ਹੂ-ਬ-ਹੂ ਨਕਸ਼ੇ ।

ਫਿਰ ਉਸ ਪਿਛੋਂ ਸਤਵੰਤ ਕੌਰ ਲਿਖੀ। ਇਤਨਾ ਅਸਰ ਹੋਇਆ ਇਸ ਸੁੰਦਰੀ ਦਾ ਕਿ ਸਰਦਾਰ ਆਇਆ ਸਿੰਘ ਨੇ ਜਦ ਇਕ ਸਿੱਖ ਨੂੰ ਪਹਿਲਾਂ ਕੁਰਹਿਤੀਆਂ, ਚਿਲਮਾ ਪੀਂਦਾ, ਕੇਸਾਂ ਦੀ ਬੇਅਦਬੀ ਕਰਦੇ ਡਿੱਠਾ ਤੇ ਕੁਝ ਚਿਰ ਬਾਅਦ ਅੰਮ੍ਰਿਤਧਾਰੀ, ਗਾਤਰੇ ਕ੍ਰਿਪਾਨ ਸਹਿਤ ਧਰਮ ਮੂਰਤ ਤੱਕਿਆ ਤਾਂ ਪੁੱਛ ਹੀ ਬੈਠਾ ਕਿ ਇਤਨੀ ਤਬਦੀਲੀ ਕੈਸੇ ਹੋਈ ਤਾਂ ਉਸ ਨੇ ਕਿਹਾ : ਜੀ ਅਸਾਂ ਹੁਣ ਸੁੰਦਰੀ ਪੜ੍ਹ ਲਈ ਹੈ।


www.AKJ.Org

ਪ੍ਰੋਫੈਸਰ ਪੂਰਨ ਸਿੰਘ ਨੇ ਵੀ ਇਕ ਵਾਰਤਾ ਲਿਖੀ ਹੈ ਕਿ ਇਕ ਬੀਬੀ ਕੁੱਛੜ ਦੁੱਧ-ਪੀਂਦਾ ਬੱਚਾ ਲੈ ਕੇ ਸ੍ਰੀ ਦਰਬਾਰ ਸਾਹਿਬ ਦਰਸ਼ਨ-ਇਸ਼ਨਾਨ ਕਰਨ ਜਾ ਰਹੀ ਸੀ ਤਾਂ ਰਾਹ ਰੋਕ ਕਿਸੇ ਹਮਦਰਦ ਨੇ ਕਿਹਾ ਕਿ ਉਧਰ ਨਾ ਜਾ, ਮੌਤ ਪਈ ਵਰ੍ਹਦੀ ਹੈ। ਮਾਈ ਨੇ ਉਸ ਨੂੰ ਟੋਕਦੇ ਕਿਹਾ : ਤੂੰ ਕੀ ਜਾਣੇਂ ਜ਼ਿੰਦਗੀ ਕਿਸ ਵਿਚ ਹੈ। ਸਾਡੀ ਜ਼ਿੰਦਗੀ ਦਰਬਾਰ ਸਾਹਿਬ ਵਿਚ ਹੈ। ਫਿਰ ਉਸ ਨੇ ਕਿਹਾ : ਜੇ ਆਪਣੇ ਤੇ ਤਰਸ ਨਹੀਂ ਖਾਂਦੀ ਤਾਂ ਆਪਣੇ ਮਾਸੂਮ ਤੇ ਰਹਿਮ ਕਰ। ਬੀਬੀ ਨੇ ਕਿਹਾ : ਤਰਸ ਕਰਦੀ ਹਾਂ, ਤਾਂ ਹੀ ਤਾਂ ਇਸ ਨੂੰ ਲੈ ਕੇ ਆਈ ਹਾਂ। ਇਹ ਬੀਬੀਆਂ ਦੀ ਦ੍ਰਿੜ੍ਹਤਾ ਸੀ ਜੋ ਕੌਮ ਨੂੰ ਕਦੇ ਡੋਲਣ ਨਹੀਂ ਸੀ ਦੇਂਦੀ।

ਬੱਸ ਇਹ ਹੀ ਕਹਿਣਾ ਬਣਦਾ ਹੈ ਕਿ ਔਰਤ ਨੂੰ ਜੋ ਪਦਵੀ ਗੁਰੂ ਜੀ ਨੇ ਬਖ਼ਸ਼ੀ, ਉਸ ਮੁਤਾਬਕ ਕਰਤੱਵ ਵੀ ਸਿੱਖ ਔਰਤ ਨੇ ਨਿਭਾ ਕੇ ਆਪਣੀ ਪਦਵੀ ਨੂੰ ਲਾਜ ਨਾ ਲੱਗਣ ਦਿੱਤੀ।

(ਪੁਸਤਕ 'ਪ੍ਰਸਿਧ ਸਿੱਖ ਬੀਬੀਆਂ' ਵਿਚੋਂ)

---

(ਪੰਨਾ ੧੯ ਦਾ ਬਾਕੀ ...)

ਸਜਾਇਆ। ਸਗੋਂ ਇਸ ਜਥੇਬੰਦੀ ਵਿਚ ਆਪ ਵੀ ਸ਼ਾਮਲ ਹੋਏ। ਇਸ ਜਥੇਬੰਦੀ ਦੇ ਸਿਰਜਨਹਾਰ ਨੇ ਆਪਣਾ ਸਰਬੰਸ ਵਾਰਿਆ ਤੇ ਖਾਲਸੇ ਨੂੰ ਕਿੰਨਾ ਮਾਣ-ਸਤਿਕਾਰ ਬਖਸ਼ਿਆ, ਜਿਸ ਕਾਰਨ ਗੁਰੂ ਦਾ ਸਿਖ ਦੁਨਿਆ ਦੇ ਹਰ ਕੋਨੇ ਵਿਚ ਆਜ਼ਾਦ ਹਸਤੀ ਵਿਚ ਵਿਚਰ ਕੇ ਕੌਮ ਦਾ ਅਤੇ ਗੁਰੂ ਦਾ ਨਾਮ ਰੋਸ਼ਨ ਕਰ ਰਿਹਾ ਹੈ।

ਜੋ ਵੀ ਇਸ ਖਾਲਸਾ ਜਥੇਬੰਦੀ ਵਿਚ ਭਰਤੀ ਨਹੀ ਹੋਏ ਉਨਾਂ ਅਪੀਲ ਹੈ ਕਿ ਉਹ ਜਲਦੀ ਤੋਂ ਜਲਦੀ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕਰਕੇ ਇਸ ਜਥੇਬੰਦੀ ਵਿਚ ਭਰਤੀ ਹੋਣ।

ਐ ਗੁਰਸਿਖੋਂ, ਤੁਸੀਂ ਖਾਲਸਾ ਪੰਥ ਦੇ ਵਾਰਸ ਹੋ, ਆਪ ਨੂੰ ਧਰਮ ਦੀ ਸਹੀ ਜਾਣਕਾਰੀ ਪ੍ਰਾਪਤ ਕਰਨ ਦੀ ਲੋੜ ਹੈ ਤਾਂ ਜੋ ਤੁਸੀਂ ਹੋਰਨਾਂ ਨੂੰ ਪ੍ਰੇਰਨਾ ਦੇਣ ਸਕੋਂ। ਮਨੁਖਤਾ ਦੀ ਸੇਵਾ ਕਰਨੀ ਹੈ ਤਾਂ ਗੁਰੂ ਨਾਨਕ ਨਾਲ ਸੇਵਾ ਅਜ ਕਲ ਦੇ ਜੁਗ ਵਿਚ ਪ੍ਰਭੂ ਉਸਤਤ ਕਰ ਕੇ ਸ਼ਾਂਤੀ ਵਾਲਾ ਜੀਵਨ ਪ੍ਰਾਪਤ ਕਰ ਸਕੋ।

ਸੰਸਾਰ ਵਿਚ ਬੜੀਆਂ ਤਿਲਕਣ ਬਾਜੀਆਂ ਹਨ। ਇਨ੍ਹਾਂ ਤੋਂ ਜਾਣੂ ਹੋਣਾ ਤੇ ਇਨ੍ਹਾਂ ਦੇ ਭੈੜੇ ਨਤੀਜਿਆਂ ਨੂੰ ਧਿਆਨ ਵਿਚ ਰਖ ਕੇ ਹੋਏ ਆਪ ਸੁਚੇਤ ਹੋਣਾ ਤੇ ਹੋਰਨਾਂ ਨੂੰ ਸੁਚੇਤ ਕਰਨਾ ਆਪਣਾ ਧਰਮ ਫਰਜ ਸਮਝਣਾ ਚਾਹੀਦਾ ਹੈ, ਇਸ ਨਾਲ ਹੀ ਸਤਿਗੁਰਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆ ਜਾ ਸਕਦੀਆਂ ਹਨ।

## ਲਾਅਣਤ ਹੈ

ਤੇਗ਼ ਬਹਾਦਰ ਸਿੰਘ 'ਤੇਗ਼

ਸਾਹਿਬਾ । ਜਦ ਤੇਰਾ ਦਿਤਾ ਹੀ ਖਾਂਦਾ ਹਾਂ। ਫਿਰ ਦੱਸ ਕਾਹਤੋਂ ਡੋਲ ਮੈਂ ਜਾਂਦਾ ਹਾਂ।
ਗੁਰਮੁਖਾ । ਲਾਅਣਤ ਹੈ ਐਸੇ ਜੀਵਨ ਤੇ, ਧਰਮ ਦੀ ਕਿਰਤ ਨਾ ਵੰਡ ਕੇ ਖਾਂਦਾ ਹਾਂ।
ਅੰਮ੍ਰਿਤ ਪੀਤੈ ਤੇਰੇ ਖੰਡੇ ਬਾਟੇ ਦਾ, ਫਿਰ ਰਹਿਤ ਰੱਖਣੋਂ ਕਿਉਂ ਸ਼ਰਮਾਂਦਾ ਹਾਂ।
ਸਿਰ ਜਾਇ ਤਾਂ ਜਾਇ ਸਿਖੀ ਸਿਦਕ ਨਾ ਜਾਇ, ਆਪਣੇ ਮਨ ਨੂੰ 'ਤੇਗ' ਨਿਤ ਸਮਝਾਂਦਾ ਹਾਂ।
ਤੂੰ ਦਾਤਾ ਹੈਂ, ਮੈਂ ਤਾਂ ਇਕ ਭਿਖਾਰੀ ਹਾਂ, ਧੁਰ ਦੀ ਬਾਣੀ ਨੂੰ ਪਰ ਰੱਟੇ ਲਾਂਦਾ ਹਾਂ।
ਦਾਤਾ । ਉਮਰਾ ਲੰਘੀ ਬਣਿਆਂ ਕੁੱਝ ਨਹੀਂ, ਇਹੁ ਸੋਚ ਸੋਚ ਝੁਰਦਾ ਹਾਂ, ਪਛਤਾਂਦਾ ਹਾਂ।
ਰਹਿਮਤ ਕਰ, ਨਾ ਤਰਸਾ, ਖ਼ੈਰ ਵਸਲ ਦੀ ਪਾ, ਦਾਤਾ । ਬੱਸ ਇਹੋ ਕੁੱਝ ਮੈਂ ਚਾਂਹਦਾ ਹਾਂ


www.AKJ.Org

# Contemplation of GURBANI - The Path to Love-Divine

(By Jaspinder Singh Canada)

The Sehaj Pathh, Gurbani recitation in own time, is the source of great experience of feeling the surge of Love-Divine. One is filled with gratitude to Divine and the seers for providing chance to communicate with the Revealed Word Divine, enshrined in our Eternal Guru, Sri Guru Granth Sahib. It is one such moment today, on November 02, 1998!I am tempted to share what thoughts the Divine-prompting brings to my mind while reading through page 47 of Sri Guru Granth Sahib.

This is Sri Rag Mahala 5 and the relevant Shabads are (4.13.83) to (4.15.85). The opening is "I am in love with Lord Eternal for he is not subject to death and rebirth. He abandons not ever and abides in all. He removes pain of the hapless meek and truly responds to the love of devotee. 'O' my mother ! Ecstatic is the sight of the Resplendent One, Immaculate, that I have met through Grace of the Guru -1."

The central idea is to goad oneself for Love-Divine for all other love is a curse that takes away all peace. This is Refuge in the Lord that leads to well being and happiness. All else is transitory, while He alone is Eternal. Contemplate always of Him, remain in Holy company, engrossed in Word of Guru and thus become a truly self-effaced devotee.

One comes into the world with some initial capital investment by The Creator Lord that is inscribed in every conscience. This is Will-Divine for defining right from wrong. The objective of human life is to enjoy Bliss-Divine and attain God-Realization. The Divine Scheme is not to make things too simple, but give the individual a choice. Here comes Play Divine that offers two divergent courses of human life, that of Love-Divine and the other, duality, of worldliness.

Strong is the pull and temptation of glittering worldliness in all its myriad forms that works against the inscribed power of discernment. Here is the conflict of self-denial and allurement, the interplay of mind's thought, word and deed. One is most likely to fall prey to self-deceptin, trying to cloak one's real intentions and hoping that wrong actions will remain a secret. An initial success leads to desire for ever more, that becomes insatiable. Instead of any comfort or satisfation, worldliness becomes a source of afflictions and misery. The tribulations in pursuit of worldliness are horrid, yet one abandons not like the dog with bone.

Contrary to worldliness, engaging in Divine-Love initially holds no charm. The act of self-denial and suppression of ego call for a sacrifice under the goading



www.AKJ.Org

influence of Wisdom Grace to make one genuinely interested in Love of Divine. Nevertheless, this remains an uphill task rather than downward slide of worldliness. However, there is a soaring of spirit with the ennobling of character that brings in deep satisfaction and real happiness in the wake of spiritual pursuit.

The spiritual goading comes to the seekers of Divine when he (she) surrenders his (her) self before the Guru to imbibe His teachings. It is only the Enlightened mind that can provide the initial spark and there is no other way for self-generating it with all the self-efforts. Thus there is absolute necessity for seeking Guru and His Grace. The Lord God provides this in answer to genuine prayer. Whatever be our choice, the Benevolent Lord makes provision to satisfy one's real desire. This makes it all the more important to avoid harmful desires and seek only the Boon of God-Remembrance and Love-Divine, through the wisdom of the Guru, Gurmat.

The friend, Guru, teaches real values and guides the devotee on Spiritual Path by defining one's relationship with God and His Virtues that lead to Love-Divine. The feeling of devotion is heightened in the company of evolved, noble souls treading the same-Path. What else is love but engrossment in thought of the Beloved and His Virtues? The Guru defines God as The only One, Supreme Lord. He, Alone, is Real and all else that is visible is transitory and subject to change. The Lord, Creator, creates for His Play-Divine, identifying Himself in all the creation, supervising and providing for all at all times as the most Caring Father. He is Benevolent, All-Goodness, All-Beauty, All-Powerful, All Prevalent, All-Knowing and yet Transcendent to remain Unattached, Unaffected, Unknowable and Fathomless. His loving memory and one's complete surrender to Him invoke His Grace-Divine that bestows His virtues in the mind of the devotee. The devotee then rises above the three states of Tamo (ignorance), Rajo (egoistic Pride) and Sato (peaceful goodness) into the fourth state of Spirituality, equanimity and tranquility of mind, the equipoise or Sehaj.

It is Sehaj that raises the spirit in realization of Divine Glory, imbibing of Virtues Divine and Oneness with God. One lives in continuous Presence of the Lord in His Own Image, to promote Divine Will and its purpose among fellow beings. All worldly pettiness is no more and one lives and dies for the highest good as a Gurmukh, the Khalsa; Saint Soldier of Akal Purakh.

In Divine dispensation, even the mind-oriented mortals, who forsake God for worldliness suffer pain, misery, and dejection as medicine to cure their egoism. When all worldly hope and support abandons them, they fall


www.AKJ.Org

humbly before God in prayer- a genuine prayer, that is heeded and granted by the Lord. They meet the Satguru of Word-Divine to be led to Divine Realization after all the straying and sufferings.

If the tenets of faith, simple but vital for promoting healthy, full life are followed, the afflictions and tribulations can be avoided. Let us start our day early with bath, Simran, recitation of Bani, joining holy congregation and then doing an honest day's work before retiring for the night with So-Dar, Sohila and Simran. A person putting aside one-tenth of his earnings in the cause of Guru and living by the moral code will by ever happy and a role model.

Where we have missed out the Divine way of Peace and Bliss, we have not only suffered personally but also set bad example. It forms part of our atonement not only to return to the Marg and Panth but also help the ones affected by our life as friends and dependents. There is no escape from the Divine-Law. Out slackness and slumber will only increase the period of our misery. Heeding to the Shabad Guru will open the vista for true values of life and awaken the dormant spirit. I conclude with interpretation of the next Shabad in the just concluded series:

**Sri Rag Mahala 5**

Through Grace of the Guru, I have taken refuge in the Lord.
Helped by instruction from Satguru, all entanglements are removed.
Nectar of Word Divine I have imbibed with Grace-Divine -1
O' my mind, devote to the service of Satguru.
May the Lord grant the boon, that I forget Him not even for an instant.-Pause

Ever singing of Divine Praise banishes all vice of shortcomings.
Peace comes not without Nam-meditation; useless is delving in worldliness.
Imbued with Nam and Divine Virtues in equipoise, one crosses the dreadful ocean of worldliness.-2

Holy company of saints earns the merit of countless pilgrimages and penance.
What can one hide from the Ever present, Omniscient Lord?
My Lord is prevalent everywhere and watching over all.-3

True is His Kingship, True His Ordinance and Eternal is His Abode.
True is His Power, Supreme and True is His creation of the world.
O' Nanak! Ever recite Nam-Divine unto which I am forever a sacrifice.-4.16.86

---

**ਬੇਨਤੀ**

ਦਸੰਬਰ ੧੯੯੮ ਦੇ ਜੈਪੁਰ ਸਮਾਗਮ ਤੇ ਇਕ ਲੇਡੀਜ਼ ਘੜੀ ਅਤੇ ਇਕ ਕੰਬਲ ਗੁੰਮ ਹੋ ਗਏ ਸਨ। ਜਿਸ ਕਿਸੇ ਪ੍ਰੇਮੀ ਨੂੰ ਮਿਲੇ ਹੋਣ ਉਹ ਸਾਰੇ ਸਮਾਗਮਾਂ ਤੇ ਸੂਰਾ ਸਟਾਲ ਤੇ ਪਹੁੰਚਾਉਣ ਦੀ ਖੇਚਲ ਕਰੋ ਜੀ।


www.AKJ.Org

# ਦਸਮ-ਦੁਆਰ

(ਸੂਬੇਦਾਰ ਧਰਮ ਸਿੰਘ ਸੁੱਜੋਂ)

ਪੰਜਾਬ ਟਾਈਮਜ਼ ਇੰਟਰਨੈਸ਼ਲ ਦੇ ਅੰਕ ੧੭੨੫ ਮਿਤੀ 19-12-98 ਦੇ ਪੰਨਾ ਨੰ:੨੫ਤੇ, ਪ੍ਰਮਿੰਦਰ ਪਾਲ ਸਿੰਘ ਜੀ ਡਰਬੀ ਵਲੋਂ ਦਸਮ-ਦੁਆਰ ਸੰਬੰਧੀ ਪੁਛਿਆ ਸਵਾਲ ਅਤੇ ਗਿਆਨੀ ਗੁਰਬਖ਼ਸ਼ ਸਿੰਘ ਜੀ ਵਲੋਂ ਇਸ ਦਾ ਦਿਤਾ ਗਿਆ ਉਤਰ ਪੜ੍ਹਿਆ। ਦਸਮ–ਦਆਰ ਦਾ ਵਿਸ਼ਾ ਇਤਨਾ ਗੰਭੀਰ ਅਤੇ ਐਹਮ (ਜ਼ਰੂਰੀ)ਹੈ ਜਿਸ ਦਾ ਉਤਰ ਸਿਰਫ ਪੰਜ ਸਤ ਲਾਈਨਾਂ ਵਿਚ ਦੇਣਾ ਇਕ ਮੁਸ਼ਕਿਲ ਜੇਹੀ ਗੱਲ ਹੈ। ਇਸੀ ਕਾਰਨ ਗਿਆਨੀ ਗੁਲਸ਼ਨ ਜੀ ਨੇ ਕੁਝ ਇੱਕ ਲਾਈਨਾਂ ਵਿਚ ਉਤਰ ਦੇ ਕੇ ਗਲ ਅਗੋਂ ਚਾਰ ਮਹਾਨ ਵਿਦਵਾਨਾਂ ਵਲੋਂ, ਇਸ ਵਿਸ਼ੇ ਤੇ ਲਿਖੀਆਂ ਪੁਸਤਕਾਂ ਪੜ੍ਹਨ ਦਾ ਮਸ਼ਵਰਾ ਦਿਤਾ ਹੈ। ਦਾਸ ਨੇ ਇਨ੍ਹਾਂ ਮਹਾਨ ਵਿਦਵਾਨਾਂ ਦੀਆਂ ਪੁਸਤਕਾਂ ਪੜ੍ਹੀਆਂ ਹੋਈਆਂ ਹਨ। ਸਭ ਨੇ ਹੀ ਅਪਣੇ ਆਪਣੇ ਵਿਤ ਅਨੁਸਾਰ, ਇਸ ਵਿਸ਼ੇ ਤੇ ਚਾਨਣਾ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਭਾਈ ਸਾਹਿਬ .ਰਣਧੀਰ ਸਿੰਘ ਜੀ ਨੇ, ਨਾਮ ਦੀ ਅਤੁਟ ਕਮਾਈ ਕਰਕੇ ਦਸਮ-ਦੁਆਰ ਦੇ ਖੁਲਣ ਦੀ ਖੇਡ ਨੂੰ ਪਹਿਲਾਂ ਆਪ ਪਰਤੱਖ ਤੌਰ ਤੇ ਅਨੁਭਵ ਕੀਤਾ, ਫੇਰ ਆਪਣੇ ਨਿਜੀ ਅਨੁਭਵ ਅਤੇ ਗੁਰਬਾਣੀ ਦੇ ਆਧਾਰ ਤੇ ਇਸ ਵਿਸ਼ੇ ਤੇ ਦੋ ਪੁਸਤਕਾਂ 'ਅਨਹਦ-ਸ਼ਬਦ-ਦਸਮ-ਦੁਆਰ' ਅਤੇ 'ਚਰਨ ਕਮਲ ਕੀ ਮਉਜ' ਨਾਮੇਂ ਲਿਖੀਆਂ। ਦਾਸ ਭੀ ਗਿਆਨ, 'ਗੁਲਸ਼ਨ' ਜੀ ਵਾਂਗੂੰ, ਚਾਹਵਾਨ ਸੱਜਨਾ ਨੂੰ ਇਹ ਦੋਵੇਂ ਪੁਸਤਕਾਂ ਪੜ੍ਹਨ ਦੀ ਬੇਨਤੀ ਕਰੇਗਾ।

ਦਾਸ ਆਪਣੀ ਤੁਛ ਬੁਧੀ ਅਨੁਸਾਰ ਇਸ ਗੰਭੀਰ ਵਿਸ਼ੇ ਨੂੰ ਦੋ ਹਿਸਿਆਂ ਵਿਚ ਪੇਸ਼ ਕਰਨ ਦਾ ਯਤਨ ਕਰੇਗਾ। ਪਹਿਲੇ ਹਿਸੇ ਵਿਚ ਇਸ ਵਿਸ਼ੇ ਤੇ ਵਗਿਆਨਕ ਪੱਖ ਤੋਂ ਵਿਚਾਰ ਹੋਵੇਗੀ ਅਤੇ ਦੂਸਰੇ ਹਿਸੇ ਵਿਚ, ਇਸ ਵਿਸ਼ੇ ਨਾਲ ਸੰਬੰਧਤ ਕੁਝ ਗੁਰਬਾਣੀ ਦੇ ਫਰਮਾਨ ਅਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਵਿਚੋਂ ਕੁਝ ਤੁੱਕਾਂ ਪੇਸ਼ ਕੀਤੀਆਂ ਜਾਣਗੀਆਂ।

## ਹਿੱਸਾ ਪਹਿਲਾ

ਦਸਮ-ਦੁਆਰ ਦਾ ਸੰਬੰਧ ਸਾਡੇ ਕਿਸੇ ਸਰੀਰ ਨਾਲ ਹੈ, ਇਸ ਲਈ ਸਾਨੂੰ ਆਪਣੇ ਬਾਰੇ ਕੁਝ ਜਾਣਕਾਰੀ ਹਾਸਿਲ ਕਰ ਲੈਣੀ ਚਾਹੀਦੀ ਹੈ। ਉਪਰ ਸ਼ਬਦ 'ਕਿਸੇ' ਨੂੰ ਪੜ੍ਹ ਕੇ ਆਪ ਜੀ ਹੈਰਾਨ ਹੋ ਸਕਦੇ ਹੋ ਕਿ ਸਾਡਾ ਸਰੀਰ ਤਾਂ ਸਿਰਫ, ਇਕ ਹੈ ਜੋ ਇਸ ਸੰਸਾਰ ਦੇ ਕਾਰੋਬਾਰ ਕਰਦਾ ਫਿਰਦਾ ਹੈ। ਕਿਸੇ ਤੋਂ ਭਾਵ ਤਾਂ ਇਹ ਹੈ ਸਾਡੇ ਇਕ ਤੋਂ ਵਧ ਸਰੀਰ ਹੋਣਗੇ। ਹਕੀਕਤ ਇਹ ਹੈ ਕਿ ਸਾਡੀ ਹੋਂਦ ਜਾਂ ਵਜੂਦ ਦੇ ਤਿਨ ਵਖੋ ਵਖ ਅੰਗ ਹਨ। ਪਹਿਲਾ ਇਹ ਨਜ਼ਰ ਆਉਂਦਾ ਅਤੇ ਤੁਰਿਆ ਫਿਰਦਾ ਸਰੀਰ ਹੈ ਜੋ ਹਡ ਜਾਂ ( Physical Body)ਮਾਸ ਨਾੜੀ ਕਉ ਪਿੰਜਰ ਹੈ। ਇਸ ਹਡ ਮਾਸ ਅਤੇ ਨਾੜੀਆਂ ਦੀ ਬਣਤਰ ਪਰਕਿਰਤੀ ਜਾਂ Matter ਤੋਂ ਹੁੰਦੀ ਹੈ। ਇਸ ਨੂੰ ਸਥੂਲ ਸਰੀਰ ਆਖਦੇ ਹਾਂ। ਦੂਸਰਾ ਇਸ ਪਿੰਜਰ ਦੇ ਅੰਦਰ ਇਕ ਹੋਰ ਪਿੰਜਰ ਹੈ ਜਿਸ ਦੀ ਬਣਤਰ, ਸ਼ਕਤੀ ਜਾਂ Energy ਤੋਂ ਹੁੰਦੀ ਹੈ। ਇਸ ਨੂੰ ਸੂਖਸ਼ਮ ਸਰੀਰ, Astral Body, Bioplasmic ਜਾਂ Etheric Body ਭੀ ਆਖਦੇ ਹਨ। ਇਹ ਸਰੀਰ ਸਥੂਲ ਸਰੀਰ ਦੇ ਅੰਦਰ ਇਸ ਤਰ੍ਹਾਂ ਫਿਟ ਹੈ ਕਿ ਇਸ ਦਾ ਸੰਪਰਕ ਸਰੀਰ ਦੇ ਹਰ ਛੋਟੇ ਸੈਲ (Cell) ਤਕ ਨਾਲ ਕਾਇਮ ਹੈ। ਇਹ ਸਥੂਲ ਸਰੀਰ ਹੈ ਹੂ-ਬ-ਹੂ ਨਕਲ ਜਾਂ True Copy ਹੈ।

ਸੂਖਸ਼ਮ ਸਰੀਰ ਦੇ ਹੋਰ ਅੰਗਾਂ ਤੋਂ ਇਲਾਵਾ, ਅੰਤਹ ਕਰਣ ਇਸ ਦਾ ਮੁਖ ਅੰਗ ਹੈ। ਅੰਤਹ ਕਰਨ, ਚਾਰ ਚੀਜ਼ਾਂ, ਮਨ, ਬੁਧ, ਚਿੱਤ ਅਤੇ ਅਹੰਕਾਰ ਦੇ ਸੁਮੇਲ ਦਾ ਨਾਮ ਹੈ। ਮਨ, ਖਿਆਲ ਘੜਨ ਦੀ ਮਸ਼ੀਨ ਹੈ। ਬੁਧੀ ਚੰਗੇ ਮੰਦੇ ਦਾ ਨਿਰਣਾ ਕਰਦੀ ਹੈ। ਚਿੱਤ ਪਿਛਲੇ ਕੀਤੇ ਕਰਮਾਂ ਦਾ ਸਟੋਰ ਹਾਊਸ ਜਾਂ ਪਿਛਲੀ ਯਾਦਦਾਸ਼ਤ (Memory) ਦਾ ਭੰਡਾਰ ਹੈ। ਅਹੰਕਾਰ ਦੋ ਸ਼ਬਦਾਂ, ਅਹੰ ਅਤੇ ਕਾਰ ਦਾ ਸੁਮੇਲ ਹੈ। ਅਹੰ ਦਾ ਅਰਥ ਹੈ 'ਮੈਂ' ਹਾਂ ਅਤੇ ਕਾਰ ਦਾ ਅਰਥ ਲਗਾਤਾਰ ਜਾਂ ਇਕ ਰਸ, ਭਾਵ 'ਮੈਂ' ਹਾਂ ਹਸਤੀ ਲਗਾਤਾਰ, ਇਕ ਰਸ ਜਾਂ ਹਮੇਸ਼ਾ ਕਾਇਮ ਰੈਹਣੇ ਵਾਲੀ ਹਸਤੀ ਹਾਂ। ਇਹ ਮੈਂ ਹਾਂ ਹਸਤੀ Spirit ਜਾਂ ਜੀਵ-ਆਤਮਾ ਹੈ

ਜਿਸ ਬਾਰੇ ਗੁਰਬਾਣੀ ਦਾ ਫੁਰਮਾਨ ਹੈ :–'ਕਹੁ ਕਬੀਰ ਇਹੁ ਰਾਮ ਕੀ ਅੰਸ (੮੭੧) ਭਾਵ ਜੀਵ ਆਤਮਾ, ਪਰਮ ਆਤਮਾ ਦੀ ਉਸੀ ਤਰਾਂ ਦੀ ਅੰਸ਼ ਹੈ (ਜਿਸ ਤਰਾਂ ਪਾਣੀ ਦੀ ਇਕ ਬੂੰਦ, ਸਮੁੰਦਰ ਦੀ ਅੰਸ਼ ਹੁੰਦੀ ਹੈ। ਜੀਵ ਆਤਮਾਂ ਅਤੇ ਪਰਮ-ਆਤਮਾਂ ਦਾ ਅਸਲਾ ਤਾਂ ਇਕ ਹੈ ਪਰ ਇਕ ਅਤਿ ਵਿਸ਼ਾਲ ਅਤੇ ਦੂਸਰਾ ਅਤਿ ਸੂਖਸ਼ਮ। ਪਰਮ ਆਤਮਾ ਨੂੰ ਜੋਤੀ ਸਰੂਪ ਆਖਦੇ ਹਨ ਤਾਂ ਜੀਵ-ਆਤਮਾ ਭੀ ਜੋਤੀ ਸਰੂਪ ਹੈ। ਫਰਕ ਸਿਰਫ ਇਹ ਹੈ ਕਿ ਪਰਮ ਆਤਮਾ ਅਤਿ ਵਿਸ਼ਾਲ ਹੋਣ ਕਰਕੇ, 'ਕੋਟਿ ਸੂਰ ਨਾਨਕ ਪਰਗਾਸ' (੭੧੭) ਕਰੋੜ ਹਾ-ਕਰੋੜ ਸੂਰਜਾਂ ਦੇ ਪਰਕਾਸ਼ ਸਮਾਨ ਹੈ ਅਤੇ ਜੀਵ ਆਤਮਾ 'ਅਤਿ ਸੂਖਸਮ ਜਾਂ ਛੋਟਾ ਹੋਣ ਦੇ ਕਾਰਨ ਸਿਰਫ ਕੁਝ\ਹੀ ਸੂਰਜਾਂ ਦੇ ਪਰਕਾਸ਼ ਦਾ ਮਾਲਕ ਹੈ। ਕੁਦਰਤ ਦਾ ਨਿਯਮ ਹੈ ਕਿ ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮਹਿ ਮਾਨਿ (੧੧੨੬) ਕੋਈ ਸ਼ੈ ਜਿਸ ਸਰੋਤਿ ਤੋਂ ਉਪਜਦੀ ਹੈ ਉਸੀ ਸਰੋਤ ਤਕ ਪਹੁੰਚ ਉਸ ਵਿਚ ਲੀਨ ਹੋ ਅਪਣਾ ਸਫ਼ਰ ਪੂਰਾ ਕਰਦੀ ਹੈ। ਇਸ ਨਿਯਮ ਅਨੁਸਾਰ 'ਮੈਂ ਹਾਂ' ਜਾਂ ਜੀਵ ਆਤਮਾ ਦਾ ਜ਼ਿੰਦਗੀ ਦਾ ਨਿਸ਼ਾਨਾ, ਪਰਮ ਆਤਮਾ ਤਕ ਪਹੁੰਚ, ਉਸ ਵਿਚ ਲੀਨਤਾ ਜਾਂ Merge ਹੋਣਾ ਸਿਧ ਹੋਇਆ।

ਮਨ ਹਰ ਵਕਤ ਖਿਆਲਾਤ ਘੜਨ ਵਿਚ ਰੁਝਾ ਰਹਿੰਦਾ ਹੈ। ਇਹ ਖਿਆਲਤ ਦਾ ਇਕ ਜਾਲ ਬੁਣ ਕੇ, ਜੀਵ-ਆਤਮਾ ਨੂੰ ਇਸ ਵਿਚ ਛੁਪਾ ਰਖਦਾ ਹੈ। ਫੇਰ ਆਪ ਦੋਨਾਂ ਸੂਖਸ਼ਮ ਅਤੇ ਸਥੂਲ ਸਰੀਰਾਂ ਤੇ ਅਪਣੀ ਹਕੂਮਤ ਚਲਾਉਂਦਾ ਹੈ। ਮੇਰੀ ਮੈਂ ਹਾਂ ਹਸਤੀ ਆਪਣੇ ਅਸਲੀ ਜੋਤੀ ਸਰੂਪ ਆਪੇ ਨੂੰ ਭੁਲ ਕੇ ਅਪਣੇ ਆਪ ਨੂੰ ਸਥੂਲ ਸਰੀਰ ਮੰਨ ਕੇ ਹੀ ਸਾਰੀ ਉਮਰ ਕਾਰ ਵਿਹਾਰ ਕਰਦੀ ਗੁਜ਼ਾਰ ਦਿੰਦੀ ਹੈ। ਅਗੋਂ ਇਨ੍ਹਾਂ ਹੀ ਕੀਤੇ ਕਾਰਾਂ ਵਿਹਾਰਾਂ ਦਾ ਫਲ ਭੋਗਣ ਲਈ ਸਮੇਂ ਸਮੇਂ ਜਨਮ ਧਾਰਦੀ ਰਹਿੰਦੀ ਹੈ। ਇਸ ਤਰ੍ਹਾਂ 84 ਲਖ ਜੂਨਾਂ ਦਾ ਚੱਕਰ ਪੈਂਦਾ ਹੈ। ਜਦੋਂ ਤਕ ਇਹ ਭੁਲੇਖਾ ਕਾਇਮ ਰਹਿੰਦਾ ਹੈ ਕਿ ਮੈਂ ਸਥੂਲ ਸਰੀਰ ਹਾਂ, ਜਿਸ ਨੂੰ ਦੂਸਰੇ ਲਫ਼ਜ਼ਾਂ ਵਿੱਚ, ਹਉਮੈ, ਅਗਿਆਨ, ਅਵਿਦਿਆ, illusion, ਸ਼ੈਤਾਨ ਜਾਂ ਨਾਰਦ ਮੁਨੀ ਆਦਿ, ਕਈ ਇਕ ਨਾਮ ਦਿਤੇ ਗਏ ਹਨ, ਕਾਇਮ ਰਹਿੰਦਾ ਹੈ। ਉਦੋਂ ਤਕ 84 ਦਾ ਗੇੜ ਚਲਦਾ ਰਹਿੰਦਾ ਹੈ। ਜਦੋਂ ਕਿਤੇ ਕਿਸੀ ਢੰਗ ਨਾਲ ਮਨ ਦਾ ਬੁਣਿਆ ਇਹ ਭਰਮ ਜਾਲ, ਕਿ ਮੈਂ ਸਥੂਲ ਸਰੀਰ ਹਾਂ, ਟੁਟ ਜਾਂਦਾ ਹੈ, ਮੈਨੂੰ ਅਪਣੇ ਜੋਤੀ ਸਰੂਪ ਆਪੇ ਦੀ ਸੋਝੀ ਹੋ ਜਾਂਦੀ ਹੈ ਤਾ ਮੈਂ 84 ਦੇ ਚੱਕਰ ਤੋਂ ਮੁਕਤ ਹੋ ਅਪਣੇ ਇਸ ਜੋਤੀ ਸਰੂਪ ਆਪੇ ਵਿਚ ਸਥਿਰ ਹੋ ਜਾਂਦਾ ਹਾਂ। ਉਪਰ ਬਿਆਨ ਹੋਏ, ਭਰਮ ਜਾਲ ਨੂੰ ਕਾਰਨ ਸਰੀਰ ਜਾਂ Casualbody ਆਖਦੇ ਹਾਂ। ਇਹ ਕਾਰਨ ਸਰੀਰੇ, ਸੂਖਸ਼ਮ ਸਰੀਰ ਨੂੰ ਹਰਕਤ ਵਿਚ ਰਖਦਾ ਹੈ। ਅੱਗੋਂ ਸੂਖਸ਼ਮ ਸਰੀਰ ਆਪ ਪਰਦੇ ਦੇ ਪਿਛੇ ਬੈਠ, ਸਥੂਲ ਸਰੀਰ ਦੀ ਕਠ ਪੁਤਲੀ, ਦੀ ਰੱਸੀ ਖਿਚ ਕੇ ਜਿਵੇਂ ਨਚਾਉਂਦਾ ਹੈ, ਇਹ ਸਥੂਲ ਸਰੀਰ ਨਚਦਾ ਹੈ।

ਕਾਰਨ ਸਰੀਰ ਦੀ ਥੋੜੀ ਜੇਹੀ ਵਿਆਖਿਆ ਉਪਰ ਆ ਚੁੱਕੀ ਹੈ। ਸਥੂਲ ਸਰੀਰ ਨੂੰ, ਅਸੀਂ ਤੁਸੀਂ ਸਾਰੇ ਜਾਣਦੇ ਹੀ ਹਾਂ, ਪਰ ਸੂਖਸ਼ਮ ਸਰੀਰ ਕਿਆ ਹੈ ਅਤੇ ਕਿਵੇਂ ਕੰਮ ਕਰਦਾ ਹੈ ਇਸ ਦੀ ਜਾਣਕਾਰੀ ਦੀ ਲੋੜ ਹੈ ਵਿਸਥਾਰ ਵਿਚ ਨਾ ਜਾਂਦੇ ਹੋਏ ਥੋੜੀ ਜੇਹੀ ਜਾਣਕਾਰੀ ਇਸ ਦੀ ਇਸ ਪਰਕਾਰ ਹੈ। ਸਾਡੇ ਸਥੂਲ ਸਰੀਰ ਵਿਚ Blood system ਸਰੀਰ ਦੇ ਹਰ ਅੰਗ ਨੂੰ ਖੂਨ ਪਹੁੰਚਾ, ਜ਼ਿੰਦਾ ਰਖਦਾ ਹੈ ਉਸੀ ਤਰਾਂ ਹੀ ਸੂਖਸ਼ਮ ਵਿਚ Merdian System ਕੰਮ ਕਰਦਾ ਹੈ, ਜਿਸ ਵਿਚ Merdian lines ਸਾਰੇ ਸੂਖਸ਼ਮ ਸਰੀਰ ਨੂੰ ਸ਼ਕਤੀ (Energy) ਦੀ ਵੰਡ ਕਰਦੀਆਂ ਹਨ। Merdian are pathways of electricity. ਇਹ ਸਰੀਰਕ ਬਿਜਲੀ ਦੀ ਗੁਜ਼ਰ-ਗਾਹ ਹਨ। ਅਮਰੀਕਾ ਦੀ ਮਿਸਿਜ਼ ਸ਼ਰਲੀ ਮੈਕਲੀਨ ਅਪਣੀ ਪੁਸਤਕ Going within ਵਿਚ ਲਿਖਦੀ ਹੈ.......... So each of us is a living, walking electrical field of energy. ਭਾਵ ਅਸੀਂ ਸਾਰੇ, ਤੁਰਦੇ ਫਿਰਦੇ, ਜੀਉਂਦੇ ਜਾਗਦੇ, ਬਿਜਲਈ ਸ਼ਕਤੀ ਦੇ ਖੇਤਰ ਹਾਂ। ਅਗੋਂ ਸੂਖਸ਼ਮ ਸਰੀਰ, ਸਥੂਲ ਸਰੀਰ ਨੂੰ ਇਹ ਸ਼ਕਤੀ, Energy ਜਾਂ life Force ਸਪਲਾਈ ਕਰਕੇ ਜ਼ਿੰਦਾ ਰਖਦਾ ਹੈ।

ਸਥੂਲ ਸਰੀਰ ਨੂੰ ਚਲਾਉਣ ਲਈ ਸੂਖਸ਼ਮ ਸਰੀਰ ਦੀ ਸ਼ਕਤੀ ਜਾਂ Energy ਹਰ ਵਕਤ ਖਰਚ ਹੁੰਦੀ ਰਹਿੰਦੀ ਹੈ। ਇਸ ਕਮੀ ਨੂੰ ਪੂਰਾ ਕਰਨੇ ਲਈ ਅਸੀਂ ਸੂਰਜ, ਪਾਣੀ, ਖੁਰਾਕ ਅਤੇ ਹਵਾ ਤੋਂ ਸ਼ਕਤੀ


www.AKJ.Org

ਪਰਾਪਤ ਕਰਦੇ ਹਾਂ। ਸ਼ਕਤੀ ਪਰਾਪਤ ਕਰਨੇ ਦਾ ਸਭ ਤੋਂ ਵੱਡਾ ਜ਼ਰੀਆਂ ਹਵਾ ਹੈ। ਹਵਾ ਸ਼ਕਤੀ ਅੰਦਰ ਲੈ ਜਾਣ ਦਾ ਇਕ ਜ਼ਰੀਆ, ਵਾਹਣ ਜਾਂ Transport ਦਾ ਕੰਮ ਕਰਦੀ ਹੈ। ਪਰ-ਹਵਾ ਖੁਦ ਜ਼ਿੰਦਗੀ ਦਾ ਮੂਲ ਕਾਰਨ ਨਹੀਂ। ਮੂਲ ਕਾਰਨ ਹੈ ਪ੍ਰਾਣ ਜਾਂ Life Force ਜੋ ਸੰਸਾਰ ਵਿਚ ਹਰ ਥਾ ਮੌਜੂਦ ਹੈ। ਇਹ ਹਵਾ ਦੀ ਗੱਡੀ ਤੇ ਸਵਾਰ ਹੋ ਕੇ ਸਾਡੇ ਅੰਦਰ ਜਾਂਦੀ ਹੈ। Root Center ਜਾਂ ਮੂਲ-ਧਾਰ ਚੱਕਰ, ਪ੍ਰਾਣੀ ਸ਼ਕਤੀ ਨੂੰ ਆਪਣੇ ਅੰਦਰ ਸਮੋ ਜਾਂ ਜਜ਼ਬ ਕਰ ਲੈਂਦਾ ਹੈ। ਹਵਾ ਖੂਨ ਆਦਿ ਦੀ ਸਫਾਈ ਕਰਦੀ ਹੋਈ ਪ੍ਰਾਣ ਸ਼ਕਤੀ ਤੋਂ ਖਾਲੀ ਹੋ ਕੇ ਬਾਹਰ ਨਿਕਲ ਜਾਂਦੀ ਹੈ।

ਸ਼ਕਤੀ, ਕੁਦਰਤੀ ਤੌਰ ਤੇ ਉਪਰ ਅਤੇ ਬਾਹਰ ਵਲ ਨੂੰ ਚਲਦੀ (Flow) ਕਰਦੀ ਹੈ ਸ਼ੁਭ ਸੋਚ ਅਤੇ ਸ਼ੁਭ ਕਰਮ ਇਸ ਵਹਾਓ (Flow) ਨੂੰ ਉਪਰ ਵਲ ਵਗਣ ਵਿਚ ਸਹਾਇਤਾ ਕਰਦੇ ਹਨ। ਮੰਦੀ ਸੋਚ ਅਤੇ ਮੰਦੇ ਕਰਮ ਇਸ flow ਨੂੰ ਨੀਚੇ Root center ਵਲ ਨੂੰ ਦਬਾਉਂਦੇ ਹਨ। ਪ੍ਰਾਣੀ ਸ਼ਕਤੀ ਜਦੋਂ ਸ਼ੁਭ ਸੋਚ ਦੀ ਮਦਦ ਨਾਲ ਉਪਰ ਵਲ ਨੂੰ ਚਲਦੀ ਹੈ ਤਾਂ ਇਹ ਸੁਖਮਣਾ ਨਾੜੀ ਵਿਚੋਂ ਉਪਰ ਨੂੰ ਚਲਦੀ ਹੈ। ਉਪਰ ਬਿਆਨ ਹੋਏ centres ਵਿਚ ਜਮ੍ਹਾਂ ਹੁੰਦੀ ਰਹਿੰਦੀ ਹੈ। Centre ਤੇ ਜਮਾਂ ਹੋ ਕੇ ਇਹ ਅਪਣੇ ਗਿਰਦ ਘੁੰਮਣ (Spin) ਲਗ ਜਾਂਦੀ ਹੈ ਜਿਵੇਂ ਲਾਟੂ ਅਪਣੇ ਧੁਰੇ ਦੇ ਗਿਰਦ ਘੁਮਦਾ ਹੈ। ਘੁਮਣੇ ਕਰਕੇ ਜਾਂ ਚੱਕਰ ਕਟਣੇ ਕਰਕੇ ਇਨ੍ਹਾਂ centers ਨੂੰ ਚੱਕਰ ਆਖਿਆ ਜਾਂਦਾ ਹੈ। ਇਨ੍ਹਾਂ ਸਾਰੇ ਚੱਕਰਾਂ ਦੇ ਜ਼ੁਮੇ ਸਰੀਰ ਦੇ ਵਖੋ ਵਖ ਹਿਸਿਆਂ ਨੂੰ ਸ਼ਕਤੀ ਸਪਲਾਈ ਕਰਕੇ ਜੀਉਂਦੇ ਰਖਣਾ ਹੈ ਸੁਖਸ਼ਮ ਸਰੀਰ ਦੇ ਅੰਗ, ਸਥੂਲ ਸਰੀਰ ਦੇ ਇਨ੍ਹਾਂ ਨਾਲ ਸੰਬੰਧਤ ਅੰਗਾਂ ਨੂੰ, ਸ਼ਕਤੀ ਸਪਲਾਈ ਕਰਕੇ ਤੰਦਰੁਸਤ ਰਖਦੇ ਹਨ। ਜੇ ਸੂਖਸ਼ਮ ਸਰੀਰ ਦੇ ਚੱਕਰਾਂ ਵਲੋਂ ਸੁਖਸ਼ਮ ਸਰੀਰ ਨੂੰ ਲੋੜੀਂਦੀ ਸ਼ਕਤੀ ਸਪਲਾਈ ਹੁੰਦੀ ਰਹੇ ਤਾਂ ਅਗੋਂ ਸਥੂਲ ਸਰੀਰ ਵਿਚ ਬੀਮਾਰੀ ਪੈਦਾ ਹੋਣ ਦਾ ਕੋਈ ਕਾਰਨ ਨਹੀਂ ਰਹਿੰਦਾ।

ਜਦੋਂ Root Centre ਨੂੰ ਪ੍ਰਾਣ ਸ਼ਕਤੀ ਪੂਰੀ ਮਿਲਦੀ ਰਹਿੰਦੀ ਹੈ। ਅਗੋਂ ਇਸ ਦਾ ਵਹਾਓ (Flow) ਉਪਰ ਵਲ ਠੀਕ ਚਲਦਾ ਰਹਿੰਦਾ ਹੈ ਤਾਂ ਸਾਰੇ ਚੱਕਰ ਪ੍ਰਾਣ ਸ਼ਕਤੀ ਨਾਲ ਭਰਪੂਰ ਹੋ ਕੇ ਪੂਰੀ ਤੇਜ਼ੀ ਨਾਲ ਅਪਣਾ ਕੰਮ ਕਰਕੇ ਸੂਖਸ਼ਮ ਅਤੇ ਸਥੂਲ ਦੋਨਾਂ ਸਰੀਰਾਂ ਨੂੰ ਪੂਰੀ ਤਰਾਂ ਤੰਦਰੁਸਤ ਰਖਦੇ ਹਨ। ਵਾਧੂ ਸ਼ਕਤੀ crown Centre ਤੇ ਜਮਾਂ ਹੋ ਕੇ ਇਸ ਦਾ ਪਰੈਸ਼ਰ (Pressure) Build up ਹੁੰਦਾ ਰਹਿੰਦਾ ਹੈ। ਇਸ Pressure ਨੂੰ ਲੋੜੀਂਦੀ ਹਦ ਤਕ ਵਧਾਉਣ ਲਈ ਅਸੀਂ ਇਸ ਦੇ ਰਸਤੇ ਵਿਚ ਇਕ ਪੰਪ ਲਗਾ ਦਿੰਦੇ ਹਾਂ। ਜੋ ਪੰਪ ਅਸੀਂ ਸੁਖਮਣਾ ਨਾੜੀ ਵਿਚ ਕਿਸੇ ਥਾਂ ਲਗਾਉਂਦੇ ਹਾਂ ਉਹ Root Centre ਤੋਂ ਸ਼ਕਤੀ ਨੂੰ ਖਿਚਦਾ ਹੈ ਤੇ Crown Centre ਵਲ ਨੂੰ Push on ਕਰਦਾ ਹੈ।

ਤੁਸੀਂ ਆਖੋਗੇ ਕਿ ਸੁਖਮਣਾ ਵਿਚ ਪੰਪ ਲਗਾਉਣ ਦੀ ਗਲ ਤਾਂ ਅਜ ਨਵੀਂ ਹੀ ਸੁਣੀ ਹੈ। ਅਜ ਤਕ ਇਸ ਪੰਪ ਦਾ ਕੋਈ ਜ਼ਿਕਰ ਨਹੀਂ ਸੁਣਿਆ ਆਓ ਅਜ ਤੁਹਾਨੂੰ ਇਹ ਪੰਪ ਲਗਾਉਣ ਦਾ ਢੰਗ ਤਰੀਕਾ ਦਸੀਏਂ। ਆਮ ਤੌਰ ਤੇ ਅਸੀਂ ਫੇਫੜੇ ਤਕ ਹੀ ਸਵਾਸ ਲੈਂਦੇ ਹਾਂ ਫੇਫੜੇ ਤੋਂ ਨੀਚੇ ਸਾਡੇ ਸਵਾਸ ਨਹੀਂ ਜਾਂਦੇ। ਚਾਇਨੀਜ਼ ਯੋਗ ਅਨੁਸਾਰ ਅੰਦਰ ਜਾਣ ਵਾਲਾ ਸਵਾਸ ਨਾਭੀ ਤੋਂ ਕਾਫੀ ਨੀਚੇ ਤਕ ਜਾਣਾ ਚਾਹੀਦਾ ਹੈ। ਜਾਪਾਨੀਆਂ ਦੀ ਫਿਲਾਸਫੀ ਅਨੁਸਾਰ ਇਹ ਸਵਾਸ ਤਾਂਦੇਨ ਤਕ ਜਾਣਾ ਚਾਹੀਦਾ ਹੈ। ਤਾਂਦੇਨ ਦੇ ਮੁਕਾਬਲੇ ਦਾ ਲਫਜ਼ ਸਾਡੀ ਭਾਸ਼ਾ ਵਿਚ ਨਹੀਂ ਹੈ। ਨਾਭੀ ਤੋਂ ਚਾਰ ਉਂਗਲ ਨੀਚੇ ਲਗ ਭਗ ਦੋ ਜਾਂ ਢਾਈ ਇੰਚ ਨੀਚੇ ਜੋ ਥਾਂ ਹੈ ਉਸ ਨੂੰ ਤਾਂਦੇਨ ਆਖਦੇ ਹਨ। ਭਾਈ ਸਾਹਿਬ ਰਣਧੀਰ ਸਿੰਘ ਜੀ ਭੀ ਨਾਭੀ ਤੋਂ ਨੀਚੇ ਤਕ ਸਾਹ ਲੈਣ ਤੇ ਜ਼ੋਰ ਦਿੰਦੇ ਹਨ। ਕੋਈ ਸੱਜਨ ਇਹ ਸਵਾਲ ਕਰ ਸਕਦੇ ਹਨ। ਫੇਫੜੇ ਤੋਂ ਨੀਚੇ ਸਵਾਸ ਨੂੰ ਜਾਣ ਲਈ ਕੋਈ ਰਾਹ ਹੀ ਨਹੀਂ ਤੁਸੀਂ ਕਿਵੇਂ ਆਖ ਰਹੇ ਹੋ ਕਿ ਸਵਾਸ ਨਾਭੀ ਤੋਂ ਨੀਚੇਂ ਤੱਕ ਲਿਆ ਜਾਵੇ। ਦਾਸ ਵਿਸਥਾਰ ਵਿਚ ਨਹੀਂ ਜਾਣਾ ਚਾਹੁੰਦਾ। ਆਪ ਜੀ ਜਦੋਂ ਅੰਮ੍ਰਿਤ ਪਾਨ ਕਰੋਗੇ ਤਾਂ ਜਦੋਂ ਓਹ ਨਾਮ ਅਭਿਆਸ ਦੀ ਵਿਧੀ ਦ੍ਰਿੜ ਕਰਾਉਣਗੇ ਤਾਂ ਆਪ ਜੀ ਦਾ ਸ਼ੰਕਾ ਆਪੇ ਹੀ ਦੂਰ ਹੋ ਜਾਏਗਾ, ਬਸ਼ਰਤੇ ਕਿਹ ਪੰਜ ਪਿਆਰੇ ਖੁਦ ਪੂਰਨ ਨਾਮ ਅਭਿਆਸੀ ਸਿੰਘ ਹੋਣ। ਨਹੀਂ ਤਾਂ ਆਮ ਥਾਹੀਂ ਦੇਖਿਆ ਹੈ ਕਿ ਓਹ ਨਾਮ ਤਾਂ ਦਸ ਦਿੰਦੇ ਹਨ ਪਰ ਨਾਮ ਅਭਿਆਸ ਦੀ ਵਿਧੀ ਦ੍ਰਿੜ ਨਹੀਂ ਕਰਾਉਂਦੇ

ਇਸ ਦਾ ਸਿਧਾਂਤਕ ਪਖ ਇਹ ਹੈ ਕਿ ਅਸੀਂ ਜਿਤਨਾ ਸਵਾਸ ਨੀਚੇ ਤਕ ਲਾਵਾਂਗੇ ਉਤਨੀ ਹੀ ਹਵਾ ਜਾਏਗੀ ਉਸ ਦੇ ਜ਼ਰੀਏ ਉਤਨੀ ਹੀ ਜ਼ਿਆਦਾ ਪਰਾਣ ਸ਼ਕਤੀ ਅੰਦਰ ਜਾਏਗੀ। ਹੁਣ ਇਸ ਤੋਂ ਅਗਲਾ ਕਦਮ ਇਸ ਪਹਿਲੇ ਕਦਮ ਨਾਲੋਂ ਭੀ ਜ਼ਿਆਦਾ ਜ਼ਰੂਰੀ ਹੈ। ਅੰਦਰ ਗਏ ਸਵਾਸ ਨੂੰ ਅਸੀਂ ਹੁਣ ਜਦੋਂ ਬਾਹਰ ਕਢਣਾ ਹੈ ਤਾਂ ਪੇਟ ਨੂੰ ਪਿਛੇ ਪਿਠ ਵਲ ਨੂੰ ਖਿਚ ਜ਼ਿਆਦਾ ਤੋਂ ਜ਼ਿਆਦਾ ਸਵਾਸ ਤੋਂ ਖਾਲੀ ਕਰਨਾ ਹੈ। ਮਕਸਦ ਇਹ ਹੈ ਕਿ ਜਿਤਨਾਂ ਜਿਆਦਾ ਪੇਟ ਖਾਲੀ ਹੋਵੇਗਾ ਉਤਨਾਂ ਜ਼ਿਆਦਾ ਹੀ ਆਉਣ ਵਾਲੇ ਸਵਾਸ ਅਤੇ ਪ੍ਰਾਣ ਅੰਦਰ ਆਉਣਗੇ। ਜਦੋਂ ਪੇਟ ਪੂਰੀ ਤਰਾਂ ਹਵਾ ਤੋਂ ਖਾਲੀ ਹੋ ਜਾਂਦਾ ਹੈ ਤਾਂ ਨੀਚੇ ਗੁਦਾ ਦਾ ਰਸਤਾ ਕੁਝ ਉਪਰ ਨੂੰ ਖਿਚਿਆ ਜਾਂਦਾ ਹੈ। ਗੁਦਾ ਦਾ ਰਸਤਾ ਜਿਸ ਨੂੰ ਸਰੀਰ ਵਿਚ ਸਭ ਤੋਂ ਨੀਚੇ ਹੋਣ ਕਰਕੇ ਮਲ ਦੁਆਰ ਬੰਧ ਭੀ ਆਖਦੇ ਹਨ ਬੰਦ ਹੋ ਜਾਂਦਾ ਹੈ ਜਾਂ ਬੰਨ੍ਹਿਆ ਜਾਂਦਾ ਹੈ। ਇਸੀ ਕਰਕੇ ਹੀ ਇਸ ਨੂੰ ਮੂਲ ਬੰਧ ਆਖਦੇ ਹਨ। ਪੇਟ ਹਵਾ ਤੋਂ ਖਾਲੀ ਹੋਣ ਤੇ ਮੂਲ ਬੰਧ ਲਗ ਗਿਆ। ਪੇਟ ਵਿਚ ਸ਼ੂਨਯ ਜਾ Vaccum ਪੈਦਾ ਹੋ ਗਿਆ। Vaccum ਪੈਦਾ ਹੋਣ ਤੇ ਮਲ-ਧਾਰਾ ਚੱਕਰ ਜਾਂ ਰੂਟ ਸੈਂਟਰ ਤੋਂ ਸ਼ਕਤੀ Vaccum ਵਲ ਨੂੰ ਖਿਚੀ ਜਾਂਦੀ ਹੈ। ਨੀਚੇ ਮਲ-ਦੁਆਰ ਬੰਦ ਹੈ। ਸ਼ਕਤੀ ਨੂੰ ਨਿਕਲਣੇ ਲਈ ਸਿਰਫ ਇਕ ਨਾਭੀ ਵਾਲਾ ਪਾਸਾ ਹੀ ਰਹਿ ਜਾਂਦਾ ਹੈ। ਸ਼ਕਤੀ ਜਦੋਂ ਨਾਭੀ ਤੋਂ ਅਗੇ ਨਿਕਲਦੀ ਹੈ ਤਾਂ ਨਾਭੀ ਇਸ ਨੂੰ ਉਪਰ ਵਲ ਧੱਕ ਦਿੰਦੀ ਹੈ ਜਾਂ Push on ਕਰ ਦਿੰਦੀ ਹੈ। ਇਸ ਤਰਾਂ Root Centre ਤੋਂ ਸ਼ਕਤੀ ਦੀ Suction ਅਤੇ ਨਾਭੀ ਤੋਂ ਉਪਰ ਵਲ expulsion ਹੋ ਕੇ ਸ਼ਕਤੀ ਦਾ ਉਪਰ ਵਲ ਬਹਾਓ ਤੇਜ਼ ਹੋ ਜਾਂਦਾ ਹੈ। ਇਹ ਹੈ ਨਾਭੀ ਤੇ ਲਗਿਆ ਪੰਪ। ਜਿਤਨੀ ਜ਼ਿਆਦਾ ਦੇਰ ਇਹ ਚਲਦਾ ਹੈ ਉਤਨੀ ਹੀ ਸ਼ਕਤੀ ਉਪਰ ਵਲ, ਵੱਧ ਜਾਂਦੀ ਹੈ। ਸਾਰੇ ਚੱਕਰਾਂ ਨੂੰ ਲੋੜੀਂਦੀ ਸ਼ਕਤੀ ਵੰਡ ਕੇ ਵਾਧੂ ਸ਼ਕਤੀ Crown centre ਤੇ Build up ਹੁੰਦੀ ਜਾਂਦੀ ਹੈ। ਸ਼ਕਤੀ ਦਾ ਪਰੈਸਰ ਵਧਦਾ ਜਾਂਦਾ ਹੈ। ਜਦੋਂ ਲੋੜੀਂਦਾ Pressure ਬਣ ਆਉਂਦਾ ਹੈ ਤਾਂ ਜਿਵੇਂ ਰੇਲਵੇ ਇੰਜਨ ਵਿਚ Steam ਦਾ ਲੋੜੀਂਦਾ Pressure ਬਣ ਆਉਣ ਪਿਸਟਨ ਨੂੰ ਧੱਕਾ ਪੈਂਦਾ ਹੈ। ਇੰਜਣ ਚਾਲੂ ਹੋ ਜਾਂਦਾ ਹੈ, ਇਸੀ ਤਰਾਂ ਹੀ ਲੋੜੀਂਦਾ Pressure ਬਣ ਆਉਣ ਤੇ ਧੱਕਾ ਪੈਂਦਾ ਹੈ। ਤੇ ਦਸਮ-ਦੁਆਰ ਖੁਲ ਜਾਂਦਾ ਹੈ। ਕੋਟਿ ਸੂਰ ਨਾਨਕ ਪਰਗਾਸ॥ (੭੧੭) ਕਰੋੜ ਹਾ-ਕਰੋੜ ਸੂਰਜਾਂ ਦਾ ਪ੍ਰਕਾਸ਼ ਜਗਮਗਾ ਉਠਦਾ ਹੈ। ਇਹ ਪਰਕਾਸ਼ ਪਰਮ-ਆਤਮਾ ਦਾ ਹੈ। ਇਸ ਤਰਾਂ ਜੀਵ-ਆਤਮਾ ਤੇ ਪਰਮ-ਆਤਮਾ ਦੀ ਆਪੋ ਵਿਚ ਸਮਾਈ ਹੋ ਜਾਂਦੀ ਹੈ।

ਇਹ ਤਾਂ ਹੈ ਇਸ ਵਿਸ਼ੇ ਦਾ ਸਿਧਾਤਕ ਪੱਖ। ਹੁਣ ਵਿਚਾਰ ਯੋਗ ਖਾਸ ਨੁਕਤਾ ਇਹ ਹੈ ਕਿ ਕਿਆ ਉਪਰ ਬਿਆਨ ਹੋਈ ਲੰਮੀ ਚੌੜੀ ਕਿਰਿਆ ਦੁਆਰਾ ਦਸਮ ਦੁਆਰ ਅਮਲੀ ਤੌਰ ਤੇ ਖੁਲ੍ਹ ਭੀ ਜਾਂਦਾ ਹੈ? ਮੂਲ-ਬੰਧ ਕਿਰਿਆ ਦੁਆਰਾ, ਸ਼ਕਤੀ ਦੀ ਸਪਲਾਈ ਤੇਜ਼ ਹੋ ਜਾਂਦੀ ਹੈ। ਸਾਰੇ ਚੱਕਰਾਂ ਨੂੰ ਸਪਲਾਈ ਮਿਲਣ ਕਰਕੇ ਓਹ ਪੂਰੇ ਸਰਗਰਮ (activate) ਹੋ ਜਾਂਦੇ ਹਨ। ਸਰੀਰ ਨੂੰ ਸਪਲਾਈ ਪੂਰੀ ਮਿਲਦੀ ਹੈ। ਸਰੀਰ ਤੰਦਰੁਸਤ ਰਹਿੰਦਾ ਹੈ। ਉਪਰ ਬਿਆਨ ਹੋਏ ਪਹਿਲੇ ਤਿੰਨੰ ਚੱਕਰ ਬਹੁਤਾ ਕਰਕੇ ਸਰੀਰਕ ਤੰਦਰੁਸਤੀ ਨਾਲ ਸੰਬੰਤ ਰਖਦੇ ਹਨ। ਆਖਰੀ ਚਾਰ ਚੱਕਰ ਰੂਹਾਨੀਅਤ (Spirituality) ਨਾਲ ਸੰਬੰਧਤ ਹਨ। ਇਨ੍ਹਾਂ ਦੇ ਪੂਰੀ ਤਰਾ ਸਰਗਰਮ ਹੋਣ ਨਾਲ ਸਾਨੂੰ ਕਈ ਤਰਾਂ ਦੀਆਂ ਰਿਧੀਆਂ ਸਿਧੀਆਂ ਭੀ ਪਰਾਪਤ ਹੋ ਜਾਂਦੀਆਂ ਹਨ। ਪਰ ਹਾਲੇ ਦਸਮ ਦੁਆਰ ਨਹੀਂ ਖੁਲਿਆ। ਦਸਮ ਦੁਆਰ ਉਦੋਂ ਖੁਲੇਗਾ ਜਦੋਂ ਸ਼ਕਤੀ ਦੇ ਖਰਚ ਨਾਲੋਂ ਸਪਲਾਈ ਜ਼ਿਆਦਾ ਵਧੇਗੀ ਤੇ ਵਧਦੀ ਰਹੇਗੀ। ਮੂਲ-ਬੰਧ ਕਿਰਿਆ: ਅਸੀਂ ਜਾਗਦੀ ਹਾਲ ਵਿਚ ਤਾਂ ਸ਼ਾਇਦ ਹਠ ਧਾਰ ਕੇ ਕਰਣੇ ਰਹੀਏ ਪਰ ਸੁਤੇ ਪਏ ਤਾਂ ਅਸੀਂ ਕੁਛ ਨਹੀਂ ਸਕਦੇ। ਸੁਤਿਆਂ ਪਿਆਂ ਭੀ ਸਰੀਰਕ ਲੋੜਾਂ ਦੀ ਪੂਰਤੀ ਲਈ ਸ਼ਕਤੀ ਦਾ ਖਰਚ ਜਾਰੀ ਰਹਿੰਦਾ ਹੈ। Pressure, Down ਹੁੰਦਾ ਰਹਿੰਦਾ ਹੈ। ਜਦੋਂ ਸਵੇਰ ਨੂੰ ਅਸੀਂ ਉਠ ਕੇ Pressure ਦੇ ਮੀਟਰ ਦੀ ਸੂਈ ਦੇਖਦੇ ਹਾਂ ਤਾਂ ਇਹ ਸਾਨੂੰ ਉਥੇ ਕੁ ਖੜੀ ਮਿਲਦੀ ਹੈ। ਜਿਥੇ ਕੁ ਕਲ ਸਵੇਰੇ ਦੇਖੀ ਸੀ। ਭਾਵ ਇਹ ਕਿ ਅਸੀਂ Crown Centre ਤੇ ਸ਼ਕਤੀ ਦਾ Pressure, Build up ਹੋਣ ਵਿਚ ਕੋਈ ਤਰੱਕੀ ਹੁੰਦੀ ਨਹੀਂ ਦੇਖੀ। ਕਾਰਨ ਇਹ ਕਿ ਜਿਨਾ ਕੁ ਅਸੀਂ

(ਬਾਕੀ ਪੰਨਾ ੩੨ ਤੇ ...)



www.AKJ.Org

# ਹੋਲਾ ਮਹੱਲਾ—ਸਭ ਸ਼ਕਤੀਆਂ ਦਾ ਪ੍ਰਤੀਕ

(ਪ੍ਰਿੰ: ਸਤਿਬੀਰ ਸਿੰਘ ਜੀ)

ਗੁਰੂ ਗੋਬਿੰਦ ਸਿੰਘ ਜੀ ਨਿਰੇ ਆਤਮਿਕ ਸ਼ਕਤੀ ਦੇ ਪੁੰਜ ਨਹੀਂ ਸਨ ਸਗੋਂ ਐਟਾਮਿਕ ਸ਼ਕਤੀ ਦੇ ਵੀ ਭੰਡਾਰ ਸਨ। ਜਿਵੇਂ ਵਿਗਿਆਨੀਆਂ ਨੇ ਅਣਡਿਠ ਐਟਮ ਨੂੰ ਤੋੜ ਕੇ ਇੱਕ ਅਥਾਹ ਬਲ ਹਾਸਲ ਕਰ ਲਿਆ ਹੈ ਤੇ ਉਸ ਹਾਸਿਲ ਕੀਤੇ ਬਲ ਤੋਂ ਸੰਸਾਰ ਥਰ-ਥਰ ਕੰਬ ਰਿਹਾ ਹੈ, ਕੁਝ ਇਸੇ ਤਰ੍ਹਾਂ ਮਨੋ ਵਿਗਿਆਨੀ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਸੰਸਾਰ ਦੀ ਰਹਿੰਦ-ਖੂੰਹਦ ਵਿੱਚ ਆਤਮਿਕ ਵਿਸ਼ਵਾਸ ਭਰ ਕੇ, ਉਸ ਨੂੰ ਪਰੰਪਰਾ ਨਾਲੋਂ ਤੋੜ ਕੇ ਸੁਤੰਤਰ ਕਰਕੇ ਅਮਿਟ ਸ਼ਕਤੀ ਨੂੰ ਜਨਮ ਦੇ ਦਿੱਤਾ। *ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ। ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ''।* ਦੇ ਮਹਾਂਵਾਕ ਅਨੁਸਾਰ ਕੈਦ ਕੀਤੀ ਜਨਤਾ ਖੁਲ੍ਹੇ ਆਕਾਸ਼ਾ ਵਿੱਚ ਤਾਰੀਆਂ ਲਾਉਣ ਲੱਗੀ। ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਤਰ੍ਹਾਂ ਇਹ ਮਾਨਵ ਬਲ ਹਾਸਿਲ ਕੀਤਾ ਤੇ ਜਿਵੇਂ ਮੁਰਦਾ ਹੋ ਚੁੱਕੇ ਦਿਲਾਂ ਵਿੱਚ ਜਾਨ ਪਾ ਕੇ ਸੁਰਜੀਤ ਕੀਤਾ, ਉਹ ਹਿੰਦੁਸਤਾਨ ਦੇ ਇਤਿਹਾਸ ਵਿੱਚ ਪੜ੍ਹੇ ਜਾਣ ਵਾਲੀ ਰੁਮਾਂਟਿਕ ਦਾਸਤਾਨ ਹੈ। ਗੁਰੂ ਨਾਨਕ ਸਾਹਿਬ ਜੀ ਨੇ ਸਭ ਤੋਂ ਪਹਿਲਾਂ ਇਸ ਊਣਤਾਈ ਵੱਲ ਸੰਕੇਤ ਕੀਤਾ ਸੀ ਕਿ ਜਨਤਾ ਮੁਰਦਿਆਂ ਵਾਕੁਰ ਹਕੂਮਤ ਦੀ ਵਫ਼ਾਦਾਰੀ ਕਰ ਰਹੀ ਹੈ ਤੇ ਬੇਅਣਖ ਹੋ ਕੇ ਗੁਲਾਮਾਂ ਵਾਲੀ ਜ਼ਿੰਦਗੀ ਗੁਜ਼ਾਰ ਰਹੀ ਹੈ। *'ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ।''* ਲੋਕਾਂ ਦੀ ਨਾ. ਰਹਿਣੀ ਕਾਇਮ ਰਹੀ ਹੈ ਤੇ ਨਾ ਹੀ ਬਹਿਣੀ । ਗੁਰੂ ਨਾਨਕ ਦੇਵ ਜੀ ਨੇ ਰਹਿਣੀ ਸੁਤੰਤਰ ਕੀਤੀ ਤੇ ਬਹਿਣੀ ਸੁਥਰੀ। ਉਨ੍ਹਾਂ ਨਵੇਂ ਵਿਚਾਰਾਂ ਦਾ ਸਦਕਾ ਐਸੀ ਸੰਗਤ ਬਣੀ ਜਿੱਥੇ ਮਰਦ ਘਾਲਾਂ ਘਾਲਦੇ ਸਨ। ਭਾਈ ਲਹਿਣਾ ਜੀ ਨੇ ਇੱਕ ਐਸੀ ਘਾਲ ਘਾਲੀ ਸੀ ਕਿ ਉਹ ਖਸਮ ਨੂੰ ਕਬੂਲ ਹੋਏ ਤੇ ਗੁਰੂ ਦਾ ਅੰਗ ਬਣ ਗਏ। *''ਪਏ ਕਬੂਲੁ ਖਸੰਮ ਨਾਲਿ ਜਾਂ ਘਾਲਿ ਮਰਦੀ ਘਾਲੀ'',* ਉਸੇ ਖਿਆਲ ਦੀ ਵਿਆਖਿਆ ਹੈ। ਫਿਰ ਦੀਪ ਨਾਲ ਦੀਪ ਜਗੇ ਤੇ ਸਿੱਖੀ ਲਹਿਰ ਇੱਕ ਤਕੜੀ ਜਥੇਬੰਦੀ ਹੋ ਨਿਬੜੀ। ਨਿਸ਼ਚੈ ਅਤੇ ਯਕੀਨ ਦੀ ਆਜ਼ਾਦੀ ਲਈ ਗੁਰੂ ਅਰਜਨ ਜੀ ਨੇ ਸ਼ਹਾਦਤ ਦੇ ਕੇ ਕੌਮ ਵਿੱਚ ਇਹ ਵਿਚਾਰ ਦ੍ਰਿੜ੍ਹ ਕਰਾ ਦਿੱਤਾ ਕਿ ਸਰੀਰ ਤੋਂ ਉਤਾਂਹ ਦੇਖਣਾ ਹੀ ਸਿੱਖੀ ਹੈ। ਇਸੇ ਸੰਬੰਧ ਵਿੱਚ ਗੁਰੂ ਹਰਿਗੋਬਿੰਦ ਜੀ ਨੇ ਤਖ਼ਤ ਉਤੇ ਬੈਠਦੇ ਪਹਿਲਾ ਬਚਨ ਹੀ ਇਹ ਕੀਤਾ, *''ਅੱਜ ਤੋਂ ਮੇਰੀ ਪਿਆਰੀ ਭੇਟਾ ਚੰਗਾ ਸ਼ਸਤਰ ਅਤੇ ਚੰਗੀ ਜਵਾਨੀ ਹੈ। ਮੇਰੀ ਖੁਸ਼ੀ ਲੈਣੀ ਜੇ ਤਾਂ ਕਸਰਤਾਂ ਕਰੋ, ਕਮਜ਼ੋਰੀ ਇੱਕ ਕੌਮੀ ਗੁਨਾਹ ਹੈ ਜੋ ਕਿਸੇ ਨੂੰ ਮੁਆਫ ਨਹੀਂ ਕੀਤਾ ਜਾ ਸਕਦਾ। ਤੁਸੀਂ ਤਲਵਾਰ ਇਸ ਲਈ ਫੜਨੀ ਹੈ ਅਤੇ ਮੈਂ ਵੀ ਤਾਂ ਪਹਿਨੀ ਹੈ ਕਿ ਜ਼ਾਲਮ ਜ਼ੁਲਮ ਦੀ ਤਲਵਾਰ ਅੱਗੇ ਤੋਂ ਚਲਾਉਣੀ ਬੰਦ ਕਰ ਦੇਣ।''* ਇਨ੍ਹਾਂ ਬਚਨਾਂ ਦਾ ਸਿੱਟਾ ਇਹ ਨਿਕਲਿਆ ਕਿ ਨਿਸ਼ਚਾ ਤੇ ਯਕੀਨ ਪਰਪੱਕ ਹੋ ਗਿਆ। ਸਭ ਨੂੰ ਪਤਾ ਲੱਗਾ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਅੰਞਾਈ ਨਹੀਂ ਜਾਣ ਲੱਗੀ। ਜੁਆਨੀਆਂ ਭੇਟ ਹੋਣ ਲੱਗ ਪਈਆਂ। ਪੰਜਾਬ ਦੇ ਕੇਂਦਰੀ ਅਸਥਾਨ, ਮਾਝੇ ਵਿੱਚ ਤਾਂ ਇਹ ਰਿਵਾਜ ਹੀ ਪੈ ਗਿਆ ਕਿ ਹਰ ਘਰ ਆਪਣੀ ਪਹਿਲੀ ਸੰਤਾਨ ਗੁਰੂ ਹਰਿਗੋਬਿੰਦ ਜੀ ਦੇ ਨਮਿਤ ਕੱਢਣ ਲੱਗ ਪਿਆ। ਨਾਲ ਹੀ ਉਸ ਨਮਿਤ ਕੱਢੇ ਬੱਚੇ ਲਈ ਵੱਖ ਗੋਲਕ ਲਗਾ ਦਿੱਤੀ ਜਾਂਦੀ ਅਤੇ ਆਪਣੀ ਕਮਾਈ ਵਿੱਚੋਂ ਬੱਚੇ ਦਾ ਹਿੱਸਾ ਉਸੇ ਗੋਲਕ ਵਿੱਚ ਪਾਈ ਜਾਂਦੇ। ਜਵਾਨ ਹੋਣ ਉਤੇ ਉਸ ਲੜਕੇ ਨੂੰ ਗੁਰੂ ਪਾਸ ਧਰਮ ਹਿੱਤ ਭੇਟ ਕਰ ਦਿੰਦੇ ਤੇ ਨਾਲ ਹੀ ਸਾਲਾਂ ਵਿੱਚ ਇੱਕਠੀ ਕੀਤੀ ਗੋਲਕ ਵੀ ਖ਼ਰਚ ਪੱਠੇ ਲਈ ਦੇ ਜਾਂਦੇ। ਉਹ ਨੌਜਵਾਨ ਵੀ ਸਿਰਫ਼ ਗੁਰੂ ਕੋਲੋਂ ਛੇ ਮਹੀਨੇ ਬਾਅਦ ਇੱਕ ਕਮੀਜ਼ ਤੇ ਦੋ ਡੰਗਾਂ ਦਾ ਪਰਸ਼ਾਦਾ ਹੀ ਮੰਗਦਾ ਅਤੇ ਜੁਆਨੀ ਭੇਟ ਬਦਲੇ ਆਤਮਿਕ ਉਪਦੇਸ਼ ਦੀ ਯਾਚਨਾ ਕਰਦਾ। ਸਾਲਾਂ ਵਿੱਚ ਹੀ ਗੁਰੂ ਵੱਲ ਵਹੀਰਾਂ ਹੀ ਚੱਲ ਪਈਆਂ। ਮੈਕਾਲਫ ਦੇ ਕਹਿਣ ਅਨੁਸਾਰ ਵਹੀਰਾਂ ਨੂੰ ਸਾਂਭਣਾ ਵੀ ਮੁਸ਼ਕਿਲ ਹੋ ਗਿਆ। ਇਤਿਹਾਸਕਾਰ ਅਜੇ ਤੱਕ ਸਮਝ ਨਹੀਂ ਸਕੇ ਕਿ ਇਤਨੇ ਵੱਡੇ ਮੁਗਲ ਸਾਮਰਾਜ ਦੇ ਵਿਰੁੱਧ ਗੁਰੂ ਹਰਿ ਗੋਬਿੰਦ ਜੀ ਕਾਮਯਾਬ ਕਿਵੇਂ ਹੁੰਦੇ ਰਹੇ? ਉਹ ਸਭ ਭੁੱਲ ਜਾਂਦੇ ਹਨ ਕਿ ਗੁਰੂ ਜੀ ਪਾਸ ਜ਼ਰਖਰੀਦ ਨਹੀਂ ਸਨ ਸਗੋਂ ਗੁਰੂ ਦੀ ਬਚਨੀ ਤੇ ਮਿਟਣ


www.AKJ.Org

ਵਾਲੇ ਮੁਰੀਦ ਸਨ। ਸੱਚੀ ਗੱਲ ਤਾਂ ਇਹ ਹੈ ਕਿ ਜੀਅ ਦਾਨ ਦੇਣ ਵਾਲਿਆਂ ਦੀ ਜੱਥੇਬੰਦੀ ਬਣ ਗਈ ਸੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਕੌਮ ਵਿੱਚ ਨਵਾਂ ਉਤਸ਼ਾਹ ਭਰ ਦਿੱਤਾ। ਨੌਵੇਂ ਪਾਤਸ਼ਾਹ ਦੀ ਸ਼ਹਾਦਤ ਨਿਰੋਲ ਪਰਉਪਕਾਰ ਲਈ ਸੀ, ਸੋ ਸਿੱਖ ਭੀ ਪਰਉਪਕਾਰ ਦੀ ਮੂਰਤ ਕਰਕੇ ਸਤਿਕਾਰੇ ਜਾਣ ਲੱਗ ਪਏ। ਰਣਜੀਤ ਨਗਾਰੇ ਵੱਜਣ ਲੱਗੇ ਤੇ ਘੋੜਿਆਂ ਦੀ ਸਵਾਰੀ ਨਿਤ ਕਰਮ ਬਣ ਗਿਆ। ਜਵਾਨੀਆਂ ਉਸੇ ਤਰ੍ਹਾਂ ਭੇਟ ਹੁੰਦੀਆ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਰਿਵਾਜ ਨੂੰ ਹੋਰ ਉਤਸ਼ਾਹ ਬਖ਼ਸ਼ਣ ਲਈ ਇੱਕ ਦਿਨ ਨਿਯਤ ਕਰ ਦਿੱਤਾ। ਉਸ ਦਿਨ ਹੋਲਗੜ੍ਹ ਮੇਲਾ ਲੱਗ ਜਾਂਦਾ। ਪਹਿਲਾ ਤਾਰੀਖੀ ਮੇਲਾ ਦਸਮ-ਪਿਤਾ ਨੇ ਸੰਨ੍ਹ ੧੬੮੦ ਨੂੰ ਕੀਤਾ ਤੇ ਇਸ ਨੂੰ ਮਨਾਉਣ ਦੀ ਪਰਪਾਟੀ ਪੈ ਗਈ। ਹੋਲਾ ਮਹੱਲਾ ਉਤਸ਼ਾਹ ਦਾ ਦਿਹਾੜਾ ਬਣ ਗਿਆ ਤੇ ਸ਼ਕਤੀਆਂ ਦਾ ਪ੍ਰਤੀਕ। ਹੋਲਾ ਮਹੱਲਾ ਦੇ ਅਰਥ ਹਨ, ਹਮਲਾ ਅਤੇ ਜਾਇ ਹਮਲਾ ਜਾਂ ਹੱਲਾਂ ਦੀ ਥਾਂ। ਮਹਾਨ ਕੋਸ਼ ਦਾ ਲਿਖਾਰੀ ਲਿਖਦਾ ਹੈ, 'ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਸ਼ਸਤਰ ਵਿਦਿਆ ਵਿੱਚ ਨਿਪੁੰਨ ਕਰਨ ਲਈ ਇਹ ਰੀਤ ਚਲਾਈ ਸੀ· ਕਿ ਦੋ ਦਲ ਬਣਾ ਕੇ ਪ੍ਰਧਾਨ ਸਿੱਖਾਂ ਦੇ ਹੇਠ ਇੱਕ ਖ਼ਾਸ ਥਾਂ ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗੀਧਰ ਆਪ ਇਸ ਮਸਨੂਈ ਜੰਗ ਦਾ ਕਰਤਬ (ਮੈਨੂਵਰ) ਦੇਖਦੇ ਅਤੇ ਦੋਵਾਂ ਦਲਾਂ ਨੂੰ ਸ਼ੁੱਭ ਸਿੱਖਿਆ ਦੇਂਦੇ ਸਨ ਅਤੇ ਜੋ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿਚ ਸਿਰੋਪਾ ਬਖ਼ਸ਼ਦੇ ਸਨ। ਆਤਮਿਕ ਸ਼ਕਤੀ ਤੇ ਚਮਤਕਾਰ ਦਿਖਲਾਣੇ ਆਰੰਭ ਕਰ ਦਿੱਤੇ। ਗੁਲਾਮੀ ਵਿੱਚ ਮਸਤ ਖ਼ਰੂਦ ਮਚਾਉਣ ਵਾਲਿਆਂ ਨੂੰ ਖ਼ੂਨ ਦੇ ਕੇ ਹੋਲੀ ਖੇਡਣ ਦਾ ਚਾਅ ਭਰ ਦਿੱਤਾ। ਜਿੱਥੇ ਸਭ ਕੁਝ ਦਿੱਤਾ ਜਾਏ ਉਥੇ ਹੀ ਅਨੰਦ ਹੈ ਤੇ ਜਿੱਥੇ ਸਭ ਕੁਝ ਨਿੰਜ ਰਖਿਆ ਜਾਂਏ ਉਥੇ ਹੀ ਆਸ਼ਾਤੀ ਹੈ, ਦੁੱਖ ਹੈ, ਬਖੇੜੇ ਹਨ, ਝੇੜੇ ਹਨ। ਕਨਿੰਘਮ ਨੇ ਠੀਕ ਲਿਖਿਆ ਹੈ, "ਇਹ ਮਹਾਨ ਕੰਮ ਗੁਰੂ ਨਾਨਕ ਦੇਵ ਜੀ ਦਾ ਹੀ ਸੀ ਜਿਨ੍ਹਾਂ ਨੇ ਸੁਧਾਰ ਦੇ ਸੱਚੇ, ਸੁੱਚੇ ਅਸੂਲ ਲੱਭ, ਵਰਤੇ ਅਤੇ ਉਹ ਚੌੜੀਆਂ ਬੁਨਿਆਦਾਂ ਰੱਖੀਆਂ, ਬਣਾਈਆਂ ਜਿੰਨ੍ਹਾਂ ਸਦਕੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹਮਵਤਨਾਂ ਦੇ ਦਿਲਾਂ ਵਿੱਚ ਇੱਕ ਨਵੀਂ ਕੌਮੀਅਤ ਦਾ ਭਾਂਬੜ ਮਚਾ ਦਿੱਤਾ ਅਤੇ ਅਮਲੀ ਤੌਰ ਉਤੇ ਇਸ ਮਜ਼ਹਬੀ ਸਿਧਾਂਤ ਨੂੰ ਸਮਾਜੀ ਤੇ ਰਾਜਨੀਤਿਕ ਸ਼ਕਲ ਦਿੱਤੀ ਕਿ ਨਸਲ ਤੇ ਧਰਮ, ਧਾਰਮਿਕ ਆਸ਼ਾਵਾ ਤੇ ਸਿਆਸੀ ਰਾਜਨੀਤਿਕ ਸਮਾਜਕ ਹੱਕਾਂ ਦੇ ਸੰਬੰਧ ਵਿੱਚ ਗਰੀਬ ਤੋਂ ਗਰੀਬ ਤੇ ਨੀਵੇਂ ਤੋਂ ਨੀਵਾਂ, ਅਮੀਰ ਤੋਂ ਅਮੀਰ ਤੇ ਉਚੇ ਤੋਂ ਉਚੇ ਦੇ ਬਰਾਬਰ ਹੈ।" ਹੋਲੀ ਤਿਉਹਾਰ ਸੀ ਸ਼ੂਦਰ ਦਾ, ਪਰ ਗੁਰੂ ਮਾਲਕ ਨੇ ਜਾਣ ਬੁਝ ਕੇ ਇਸ ਨੂੰ ਚੁਣਿਆ ਤੇ ਜੀਵਨ ਭੇਂਟ ਦਾ ਦਿਨ ਬਣਾ ਦਿੱਤਾ। ਕਸ਼ਤਰੀ ਦੁਸਹਿਰੇ ਵਾਲੇ ਦਿਨ ਹਥਿਆਰਾਂ ਦੇ ਕਰਤੱਵ ਦਿਖਾਉਂਦੇ ਸਨ ਪਰ ਗੁਰੂ ਜੀ ਨੇ ਹਥਿਆਰਾਂ ਦੀ ਵਰਤੋਂ ਕਿਸੇ ਸ਼ੇਣੀ ਲਈ ਰਾਖਵੀਂ ਨਾ ਦੱਸ ਕੇ ਹੋਲਾ ਮਹੱਲਾ ਨੂੰ ਕਰਤੱਵ ਦਾ ਦਿਨ ਨਿਯਤ ਕਰ ਦਿੱਤਾ। ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਗੁਰੂ ਗੋਬਿੰਦ ਸਿੰਘ ਜੀ ਇੱਕ ਜ਼ਬਰਦਸਤ ਸ਼ਹਿਨਸ਼ਾਹੀ ਦੇ ਚੌਗਿਰਦੇ ਅੰਦਰ ਘਿਰੇ ਹੋਏ ਸਨ। ਉਨ੍ਹਾਂ ਆਪਣਾ ਮਿਸ਼ਨ ਇਹ ਬਣਾਇਆ ਕਿ ਮੈਂ ਇਸ ਅਨਿਆਇ ਰਾਜ ਨੂੰ ਉਥਲ ਪੁੱਥਲ ਕਰਕੇ ਹੀ ਰਹਾਂਗਾ। ਆਮ ਲੋਕਾਂ, ਮਰਦਾਂ ਤੀਵੀਆ ਦੀ ਸਮਾਜੀ, ਇਖ਼ਲਾਕੀ ਗਿਰਾਵਟ ਤੇ ਮਜ਼ਹਬੀ ਵੱਢੀ ਖੋਰੀ ਦੇ ਬਾਵਜੂਦ ਕੁਝ ਐਸੇ ਬੰਦੇ ਚੁਣ ਕੇ ਢਾਲ ਲਵਾਂਗਾ ਜਿੰਨ੍ਹਾਂ ਵਿੱਚ ਆਦਰਸ਼ ਹੋਵੇ, ਜਿੰਨ੍ਹਾਂ ਦੇ ਸਿੱਧੇ ਸਾਦੇ ਜੀਵਨ ਢੰਗ ਹੋਣ । ਇਸ ਗੁਰੂ ਨਿਸ਼ਚੇ ਦਾ ਅਸਰ ਜਾਦੂ ਭਰਿਆ ਹੋਇਆ। ਜਨਰਲ ਸਰ ਉਮਰ ਕਰਹੀ ਨੇ ਇੰਡੀਅਨ ਸਟਡੀਜ਼ ਵਿੱਚ ਠੀਕ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਵਿੱਚ ਵਿਧਾਨ ਘੜਣ (ਲੈਜਿਸਲੇਟਰ) ਇੱਕ ਸਿਪਾਹੀ ਅਤੇ ਵਾਹਿਗੁਰੂ ਨੇ ਅਨੰਨ ਭਗਤ ਵਾਲੇ ਸਭ ਗੁਣ ਸਨ। ਉਨ੍ਹਾਂ ਸਿੰਘਾਂ ਵਿੱਚ ਆਪਾ ਵਾਰਨ ਦਾ ਜ਼ਜਬਾ, ਫ਼ਰਜ਼ ਅਦਾ ਕਰਨ ਦਾ ਡਾਹਢਾ ਫੌਰੀ ਅਹਿਸਾਸ ਜਗਾਇਆ। ਇਹ ਦੋਵੇਂ 'ਫ਼ਰਜ਼ ਤੇ ਜਜ਼ਬਾ' ਸਦਾ ਤੋਂ ਸਾਰੇ ਮਜ਼ਹਬ ਤੇ ਫਤਹਿ ਦੀ ਬੁਨਿਆਦ ਰਹੇ ਹਨ। ਮਹਾਰਾਜ ਨੇ ਲੁਕੀਆਂ ਕਲਾਂ ਜਗਾਈਆਂ। ਮੂੰਹ ਠੀਕ ਲੀਹ ਵੱਲ ਮੋੜ ਦਿੱਤਾ ਸਿੱਖਾਂ ਨੂੰ ਇੱਕ ਧਾਰਮਿਕ ਸਾਂਝੀਵਾਲਤਾ ਵਿੱਚ ਗੁੰਦ ਦਿੱਤਾ। ਗੁਰੂ ਜੀ ਨੇ ਹੋਲਾ ਮਹੱਲਾ ਚਾੜ੍ਹ ਕੇ ਦੱਸਿਆ ਕਿ ਜ਼ਾਲਮਾ ਦੀ ਬੇਰਹਿਮੀ ਦਾ ਟਾਕਰਾ ਹੋ ਸਕਦਾ ਹੈ। ਗੁਰੂ ਜੀ ਨੇ ਸਫ਼ਲਤਾ ਨਾਲ ਦਿਖਾ ਦਿੱਤਾ ਕਿ ਇਸ ਤਰ੍ਹਾਂ (ਹੋਲੇ ਮਹੱਲੇ ਵਾਂਗ) ਖ਼ੁਦਗਰਜ਼ੀਆਨਾ ਤੇ ਸੁਆਰਥੀ ਜੰਗ ਛੱਡ ਕੇ ਇੱਕ ਮੁੱਠ ਹੋ ਕੇ ਕੌਮ ਦੀ


www.AKJ.Org

ਬੇਹਤਰੀ ਤੇ ਖ਼ੁਸ਼ਹਾਲੀ ਵਾਸਤੇ ਲੜਨਾ ਹੁੰਦਾ ਹੈ। ਇਹ ਕੰਮ ਕੋਈ ਪਰਮ ਮਨੁੱਖ ਹੀ ਕਰ ਸਕਦਾ ਸੀ ਤੇ ਉਹ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ। ਡਾਕਟਰ ਹਰੀ ਰਾਮ ਗੁਪਤਾ ਨੇ ਆਪਣ ਰਚਨਾ ਸਿੱਖ ਇਤਿਹਾਸ ਦੇ ਮੁੱਖ ਬੰਦ ਵਿੱਚ ਲਿਖਿਆ ਹੈ ਕਿ "ਲੋਕੀਂ ਪੁੱਛਦੇ ਹਨ ਕਰਾਮਾਤ ਕੀ ਹੈ, ਤੇ ਕਿਵੇਂ ਹੁੰਦੀ ਹੈ? ਮੇਰਾ ਉਤਰ ਹੈ ਸਿੱਖ ਇਤਿਹਾਸ ਨੂੰ ਪੜ੍ਹਨਾ ਆਰੰਭ ਕਰ ਦਿਉ ।" ਫਿਰ ਪੁਸਤਕ ਦੇ ਅੰਤਲੇ ਪੈਰ੍ਹੇ ਵਿੱਚ ਹਰੀ ਰਾਮ ਗੁਪਤਾ ਲਿਖਦੇ ਹਨ, "ਪਿਆਰੇ ਪਾਠਕ ਅਜੇ ਵੀ ਲੋੜ ਕੋਈ ਦੱਸਣ ਦੀ ਰਹਿ ਗਈ ਹੈ ਕਿ ਕਰਾਮਾਤ ਕੀ ਹੁੰਦੀ ਹੈ ਤੇ ਕਿਵੇਂ ਹੁੰਦੀ ਹੈ।" ਕਰਾਮਾਤ ਹੈ, ਨਿਰਜਿੰਦ ਲੋਕਾਂ ਨੂੰ ਜਾਨ ਵਾਲਾ ਬਣਾ ਦੇਣਾ। ਮਨੁੱਖ ਸ਼੍ਰੇਣੀ ਤੋਂ ਧਿਰਕਾਰਿਆ ਨੂੰ ਮਨੁੱਖ ਵਾਲਾ ਅਤੇ ਫਿਰ ਮਨੁੱਖ ਨੂੰ ਦੇਵਤਾ ਅਤੇ ਦੇਵਤਿਆਂ ਦੇ ਹੱਥ ਤਲਵਾਰ ਦੇ ਕੇ ਧਰਮ ਦਾ ਜੈਕਾਰਾ ਬੁਲਾਉਣਾ ਤੇ ਸਤਿ ਸਿਰੇ ਤੱਕ ਪਹੁੰਚਾਉਣਾ ਅਤੇ ਹਲੀਮੀ ਰਾਜ ਕਾਇਮ ਕਰਕੇ ਆਪ ਸੇਵਾਦਾਰ ਬਣ ਜਾਣਾ। "ਭੂਰਿਆਂ ਵਾਲੇ ਰਾਜੇ ਕੀਤੇ ਤੇ ਮੁਗ਼ਲਾਂ ਜ਼ਹਿਰ ਪਿਆਲੇ ਪੀਤੇ" ਦਾ ਅਖਾਣ ਹੀ ਕਰਾਮਾਤ ਹੈ। ਗਾਂਧੀ ਨੂੰ ਵੀ ਆਖਰ ਮੰਨਣਾ ਪਿਆ ਕਿ ਗੁਰੂ ਤੇਗ ਬਹਾਦਰ ਜੀ ਵਰਗਾ ਪਿਆਰ ਲੈ ਕੇ ਜਨਮੇ ਸਿੱਖਾਂ ਨੂੰ ਹੱਕ ਹੈ ਕਿ ਉਹ ਤਲਵਾਰ ਫੜਨ। ਅਜਿਹੇ ਪਿਆਰ ਤੋਂ ਬਿਨਾਂ ਆਪਣੇ ਬੁਰੇ ਤੋਂ ਬੁਰੇ ਵੈਰੀ ਵਿਰੁੱਧ ਵੀ ਤਲਵਾਰ ਚੁੱਕਣਾ ਇਖ਼ਲਾਕੀ ਜੁਰਮ ਹੈ। ਕੀ ਇਹ ਕਰਾਮਾਤ ਨਹੀਂ ਕਿ ਭੰਗਾਣੀ ਦੇ ਯੁੱਧ ਵਿਚ ਭਾਈ ਲਾਲ ਚੰਦ ਹਲਵਾਈ ਨੂੰ ਜੰਗ ਵਿੱਚ ਹੁੰਦੇ ਹੋਏ ਫੌਜੀਆਂ ਦੇ ਟਾਕਰੇ ਉਤੇ ਟਕਰਾ ਦੇਣਾ ਤੇ ਕਾਮਯਾਬੀ ਲੈ ਦੇਣਾ। ਹਲਵਾਈ ਦਾ ਖ਼ਿਆਲ ਆਂਦਿਆਂ ਹੀ ਇੱਕ ਢਿੱਲੜ, ਪੇਟੂ, ਬੇਡੋਲ ਤੇ ਨਿਰਜਿੰਦ ਪੁਰਸ਼ ਦਾ ਚਿੱਤਰ ਸਾਹਮਣੇ ਆ ਜਾਂਦਾ ਹੈ। ਪਰ ਇਤਿਹਾਸ ਕਹਿੰਦਾ ਹੈ ਕਿ ਪਾਉਂਟਾ ਸਾਹਿਬ ਦੇ ਹਲਵਾਈ ਲਾਲ ਚੰਦ ਨੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਤੋਂ ਆਗਿਆ ਲੈ ਕੇ ਮੀਰ ਖ਼ਾਂ ਨੂੰ ਅੱਗੇ ਵੱਧਦਾ ਦੇਖ ਕੇ ਧਾਵਾ ਬੋਲ ਦਿੱਤਾ। ਘੋੜਾ ਵੀ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਦਿੱਤਾ ਸੀ। ਘੋੜੇ ਨੂੰ ਅੱਡੀ ਲਾ ਕੇ ਲਾਲ ਚੰਦ ਮੀਰ ਖ਼ਾਂ ਉਤੇ ਜਾ ਪਿਆ। ਦੂਰੋਂ ਹੀ ਜਰਨੈਲ ਨਜਾਬਤ ਖ਼ਾਂ ਨੇ ਆਵਾਜ਼ ਦਿੱਤੀ, "ਮੀਰ ਖ਼ਾਂ ਤਕੜਾ ਹੋ, ਇਸ (ਹਲਵਾਈ) ਉਤੇ ਵਾਰ ਕਰ, ਮਾਰ ਦੇਹ ਤੇ ਘੋੜਾ ਖੋਹ ਲੈ।" ਮੀਰ ਖ਼ਾਂ ਘੋੜੇ ਦੀ ਸੇਧ ਬੰਨ੍ਹ ਕੇ ਆਪਣੇ ਘੋੜੇ ਨੂੰ ਭਜਾ ਕੇ ਹਲਵਾਈ ਦੇ ਨਾਲੋਂ ਖਹਿ ਕੇ ਲੰਘਣ ਲਈ ਉਮਡਿਆ ਅਤੇ ਨੇੜੇ ਆ ਤਲਵਾਰ ਚਲਾਈ। ਪਰ ਲਾਲ ਚੰਦ ਜੀ ਨੇ ਤਲਵਾਰ ਦਾ ਵਾਰ ਢਾਲ ਉਤੇ ਲੈ ਲਿਆ। ਮੀਰ ਖ਼ਾਂ ਦਾ ਵਾਰ ਖ਼ਾਲੀ ਗਿਆ। ਮੀਰ ਖ਼ਾਂ ਨੇ ਫਿਰ ਜਤਨ ਕੀਤੇ ਵਾਰ ਕਰਨ ਦੇ ਪਰ ਸਭ ਅਸਫਲ ਇਤਨੇ ਨੂੰ ਭਾਈ ਲਾਲ ਚੰਦ ਨੇ ਅਚਾਨਕ ਘੋੜਾ ਵਧਾ ਕੇ ਬਲ ਨਾਲ ਐਸੀ ਤਲਵਾਰ ਵਾਹੀ ਕਿ ਮੀਰ ਖ਼ਾਂ ਦਾ ਸਿਰ ਧਰਤੀ ਦੇ ਜਾ ਪਿਆ ਅਤੇ ਉਸ ਦਾ ਘੋੜਾ ਨੱਠ ਪਿਆ। ਹਲਵਾਈ ਦੇ ਹੱਥੋਂ ਸਮੇਂ ਦੇ ਸੂਰਮੇ ਮੀਰ ਖ਼ਾਂ ਦਾ ਮਰਨਾ ਦੇਖ ਸਾਰੇ ਹੈਰਾਨ ਹੋਏ। ਕਹਿੰਦੇ ਹਨ ਕਿ ਭੀਖਨ ਖ਼ਾਂ, ਨਜਾਬਤ ਖ਼ਾਂ ਤੇ ਰਾਜਾ ਹਰੀ ਚੰਦ ਨੂੰ ਬਹੁਤ ਸ਼ਰਮ ਆਈ। ਇਹ ਹੀ ਹੈ ਸ਼ਕਤੀ ਹੋਲਾ ਮਹੱਲਾ ਦੀ ਜਿਸ ਨੇ ਸਿਰਫ਼ ਨਜਾਬਤ ਖ਼ਾਂ, ਭੀਖਨ ਖ਼ਾਂ, ਹਰੀ ਚੰਦ, ਨਾਦਰ ਸ਼ਾਹ, ਅਬਦਾਲੀ ਲਾਰਡ ਹਾਰਡਿੰਗ ਨੂੰ ਹੀ ਨਹੀਂ ਬਲਕਿ, ਹੁਣ ਤੱਕ ਸਾਰੇ ਸੰਸਾਰ ਨੂੰ ਹੈਰਾਨ ਕੀਤਾ ਹੋਇਆ ਹੈ।

• • • • • • •

(ਪੰਨਾ ੨੯ ਦਾ ਬਾਕੀ )

ਕਮਾਉਂਦੇ ਹਨ, ਉਤਨਾ ਕੁ ਹੀ ਖਾ ਲੈਂਦੇ ਹਾਂ। ਬਾਕੀ ਸਾਡੇ ਪਾਸ ਕੁਝ ਨਹੀਂ ਬਚਦਾ। ਨਾਂ ਸ਼ਕਤੀ ਬਚੇ। ਨਾਂ ਪਰੈਸ਼ਰ Buildup ਹੋਵੇ ਤੇ ਨਾ ਦਸਮ ਦੁਆਰ ਖੁੱਲ੍ਹੇ ਨਾ ਪਰਮ-ਆਤਮਾ ਨਾਲ ਮਿਲਾਪ ਹੋਵੇ ਤੇ ਨਾਂ ਸਾਡਾ ਉਧਾਰ ਨਿਸਤਾਰਾ ਜਾਂ ਕਲਿਆਨ ਹੋਵੇ। ਕਮਾ ਲਿਆ, ਖਾ ਲਿਆ। ਕਮਾਲਿਆ ਖਾ ਲਿਆ। ਬਾਕੀ ਸਾਡੇ ਪਾਸ ਬਚੇ ਕੁਝ ਨਾਂ। ਇਸ ਤਰਾਂ ਕਰਕੇ ਅਸੀਂ ਕੋਸੇ ਪਾਣੀ ਨਾਲ ਆਪਣੀ ਰੇਲ ਗੱਡੀ ਦਾ ਇੰਜਣ ਚਲਾਉਣਾ ਚਾਹੁੰਦੇ ਹਾਂ। ਕੋਸੇ ਪਾਣੀ ਨਾਲ ਤਾਂ ਭਾਵੇਂ ਸਾਰੀ ਉਮਰ ਹੀ ਟੱਕਰਾਂ ਮਾਰਦੇ ਰਹੀਈਏ, ਸਾਰੀ ਉਮਰ ਹੀ ਨਹੀਂ ਭਾਵੇਂ ਜਨਮ ਜਨਮਾਤਰਾਂ ਤਕ ਭੀ ਜੁਟੇ ਰਹੀਏ, ਸਾਡੀ ਰੇਲ ਗੱਡੀ ਦਾ ਇੰਜਨ ਨਹੀਂ ਚਲਣਾ। ਦਸਮ-ਦੁਆਰ ਨਹੀਂ ਖੁੱਲ੍ਹਣਾ। (ਬਾਕੀ ਅਗਲੇ ਅੰਕ ਵਿਚ)



www.AKJ.Org

# ਅੰਨ੍ਹੇ ਕੌਣ ਹਨ?

ਜਦ ਚਾਨਣ ਦੇਣ ਲਈ ਗੁਰਬਾਣੀ ਦਾ ਦੀਵਾ ਸਾਡੇ ਸਾਹਮਣੇ ਲਟ-ਲਟ ਕਰਕੇ ਜਗ ਰਿਹਾ ਹੈ, ਜਿਸ ਦੀ ਰੌਸ਼ਨੀ ਵਿੱਚ ਠੀਕ ਅਤੇ ਗਲਤ, (ਸੱਚ ਅਤੇ ਝੂਠ) ਦਾ ਨਿਰਣਾ ਅਸੀਂ ਸਹਿਜੇ ਹੀ ਕਰ ਸਕਦੇ ਹਾਂ। ਝੂਠ ਤੇ ਗਲਤ ਨੂੰ ਛੱਡ ਕੇ ਸੱਚ ਅਤੇ ਅਸਲੀਅਤ ਨੂੰ ਗ੍ਰਹਿਣ ਕਰਕੇ ਸੁਖੀ ਹੋ ਸਕਦੇ ਹਾਂ, ਪਰ ਕਰਦੇ ਨਹੀਂ।

ਇਸ ਤਰ੍ਹਾਂ ਗਿਆਨ ਦੇ ਪ੍ਰਕਾਸ਼ ਦੇ ਹੁੰਦਿਆਂ ਜਦ ਅਸੀਂ ਅਗਿਆਨਤਾ ਵਿੱਚ ਹੋਰ ਧਨ, ਹੋਰ ਜ਼ਮੀਨ, ਹੋਰ ਜਾਇਦਾਦ, ਹੋਰ ਉਚੀ ਪਦਵੀ ਲਈ ਰਾਤ-ਦਿਨ ਇਕ ਕਰਕੇ, ਸਭ ਤਰ੍ਹਾਂ ਦੇ ਯੋਗ ਅਤੇ ਅਯੋਗ ਯਤਨ ਕਰਨ ਲਈ ਟਕਰਾਂ ਮਾਰ-ਮਾਰ ਕੇ ਦੁਖੀ ਹੋ ਰਹੇ ਹਾਂ ਤਾਂ ਦੱਸੋ ਅਸੀਂ ਅੰਨ੍ਹੇ ਨਹੀਂ ਤਾਂ ਹੋਰ ਕੀ ਬਣ ਰਹੇ ਹਾਂ ?

ਸਾਡੀ ਇਸ ਤਰ੍ਹਾਂ ਦੀ ਦਸ਼ਾ ਨੂੰ ਵੇਖ ਕੇ ਹੀ ਮਹਾਰਾਜ ਕਹਿੰਦੇ ਹਨ :–

ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ, ਆਸਾ ਲਾਗਿਓ ਧਨ ਕੀ ॥੧॥ ਰਹਾਉ॥<br>
ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ, ਸੇਵ ਕਰਤ ਜਨ ਜਨ ਕੀ ॥<br>
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ, ਨਹ ਸੁਧ ਰਾਮ ਭਜਨ ਕੀ ॥੧॥ (ਪੰਨਾ ੪੧੧)

ਅਰਥ--ਲੋਭ ਵਿੱਚ ਫਸਿਆ ਹੋਇਆ ਦਸੀਂ ਪਾਸੀਂ ਦੌੜਿਆ ਫਿਰਦਾ ਹੈ ਅਤੇ (ਹਰ ਸਮੇਂ) ਧਨ ਇਕੱਠਾ ਕਰਨ ਦੀ ਖਾਹਸ਼ ਲੱਗੀ ਰਹਿੰਦੀ ਹੈ। (ਇਹ ਮਨ) (ਝੂਠੇ) ਸੁਖ ਪ੍ਰਾਪਤ ਕਰਨ ਲਈ ਜਣੇ-ਖਣੇ ਦੀ ਤਾਬੇਦਾਰੀ ਕਰਦਾ ਹੈ (ਇਸ ਤਰ੍ਹਾਂ ਸਗੋਂ ਇਹ) ਸੁਖ ਦੀ ਥਾਂ ਬਹੁਤਾ ਦੁਖ ਹੀ ਪਾਉਂਦਾ ਹੈ। (ਇਹ ਮਨ) ਕੁੱਤੇ ਵਾਂਗ ਦਰ ਦਰ ਕੇ ਭਟਕਦਾ ਫਿਰਦਾ ਹੈ (ਪਰ ਇਸ ਨੂੰ) ਵਾਹਿਗੁਰੂ ਜੀ ਦੇ ਸਿਮਰਨ ਦੀ ਕੋਈ ਹੋਸ਼ ਹੀ ਨਹੀਂ।

ਅਸੀਂ ਦੁਨਿਆਵੀ ਲੋਕ, ਅੰਨ੍ਹਾ ਉਸ ਨੂੰ ਸਮਝਦੇ ਹਾਂ ਜਿਸਦੇ ਮੂੰਹ ਉਤੇ ਅੱਖਾਂ ਨਾਂਹ ਹੋਣ, ਪਰ ਦੇਖੋ ਮਹਾਰਾਜ ਅੰਨ੍ਹਾਂ ਕਿਸ ਨੂੰ ਕਹਿੰਦੇ ਹਨ :–

ਅੰਧੇ ਏਹਿ ਨ ਆਖੀਅਨਿ, ਜਿਨ ਮੁਖਿ ਲੋਇਣ ਨਾਹਿ ॥<br>
ਅੰਧੇ ਸੇਈ ਨਾਨਕਾ, ਖਸਮਹੁ ਘੁਥੇ ਜਾਇ ॥੧॥ (ਪੰਨਾ ੯੫੪)

ਭਾਵ – ਅੰਨ੍ਹੇ ਉਹ ਨਹੀਂ ਜਿੰਨ੍ਹਾਂ ਦੇ ਮੂੰਹ ਉਤੇ ਅੱਖਾਂ ਨਹੀਂ, ਸਗੋਂ ਅਸਲ ਵਿੱਚ ਅੰਨ੍ਹੇ ਉਹ ਹਨ ਜੋ ਮਾਲਕ ਦੇ ਦੱਸੇ ਹੋਏ ਰਾਹ ਤੋਂ ਖੁੰਝ ਗਏ ਹਨ (ਕੁਰਾਹੇ ਪੈ ਗਏ ਹਨ) ਅਰਥਾਤ ਜੋ ਗੁਰੂ ਮਾਲਕ ਦੀ ਦੱਸੀ ਹੋਈ ਜੀਵਨ-ਜਾਂਚ ਛੱਡ ਕੇ ਮਨ ਦੀ ਮੱਤ ਅਨੁਸਾਰ ਤੁਰ ਪਏ ਹਨ।

ਗੁਰੂ ਸਾਹਿਬ ਹੋਰ ਕਹਿੰਦੇ ਹਨ :–

ਸੋ ਕਿਉਂ ਅੰਧਾ ਆਖੀਐ, ਜਿ ਹੁਕਮਹੁ ਅੰਧਾ ਹੋਇ ॥<br>
ਨਾਨਕ ਹੁਕਮੁ ਨ ਬੁਝਈ, ਅੰਧਾ ਕਹੀਐ ਸੋਇ ॥੩॥ (ਪੰਨਾ ੯੫੪)

ਭਾਵ– ਉਸ ਨੂੰ ਅੰਨ੍ਹਾ ਕਿਉ ਕਿਹਾ ਜਾਏ ਜੋ ਮਾਲਕ ਦੇ ਹੁਕਮ ਵਿੱਚ ਅੰਨ੍ਹਾਂ ਹੋ ਗਿਆ ਹੈ (ਅੱਖਾਂ ਨਹੀਂ ਰਹੀਆਂ) ਗੁਰੂ ਸਾਹਿਬ ਕਹਿੰਦੇ ਹਨ ਕਿ ਅਸਲ ਵਿੱਚ ਅੰਨ੍ਹਾ ਉਹ ਹੈ ਜੋ ਮਾਲਕ (ਪ੍ਰਭੂ) ਦੇ ਹੁਕਮ ਨੂੰ ਨਹੀਂ ਬੁਝੱਦਾ (ਸਮਝਦਾ) ਅਰਥਾਤ ਗੁਰੂ ਪਰਮਾਤਮਾ ਦੇ ਦਸੇ ਹੋਏ ਰਾਹ ਤੇ ਨਹੀਂ ਤੁਰਦਾ।

---

## ਅੰਮ੍ਰਿਤ ਛਕਣਾ ਤੇ ਅੰਮ੍ਰਿਤ ਚੱਖਣਾ

(ਸ: ਜੋਗਿੰਦਰ ਸਿੰਘ ਬੰਬਈ)

*ਅੰਮ੍ਰਿਤ ਛਕਣਾ, ਉਸ ਜੋਤ ਨੂੰ ਪਛਾਨਣ ਲਈ ਪਹਿਲਾ ਕਦਮ ਹੈ। ਅੰਮ੍ਰਿਤ ਛਕਣਾ ਬਾਹਰਮੁਖੀ ਕਿਰਿਆ ਹੈ, ਅੰਮ੍ਰਿਤ ਚੱਖਣਾ ਅੰਤਰਮੁਖੀ। ਸ਼ਰਬਤ ਬਾਹਰੋਂ ਪੀਤਾ ਜਾਂਦਾ ਹੈ ਪਰ ਇਸ ਦਾ ਰਸ ਅੰਦਰੋਂ ਮਾਣਿਆ ਜਾਂਦਾ ਹੈ। ਜਿੰਦਾਂ ਸ਼ਰਬਤ ਪੀਤੇ ਬਿਨਾਂ ਇਸ ਦਾ ਰਸ ਨਹੀਂ ਮਾਣਿਆ ਜਾ ਸਕੀਦਾ, ਇੰਦਾਂ ਹੀ ਅੰਮ੍ਰਿਤ (ਬਾਹਰਲਾ) ਛਕੇ ਬਿਨਾਂ ਅੰਮ੍ਰਿਤ (ਅੰਦਰਲਾ) ਨਹੀਂ ਚੱਖਿਆ ਜਾ ਸਕਦਾ। ਅੰਮ੍ਰਿਤ ਚੱਖਣ ਲਈ ਅੰਮ੍ਰਿਤ ਛਕਣਾ ਜ਼ਰੂਰੀ ਹੈ। ਇਹੀ ਕਾਰਣ ਹੈ ਕਿ ਗੁਰੂ ਆਪਣੇ ਅਨੁਯਾਈਆਂ ਨੂੰ ਬਾਹਰਲਾ ਅੰਮ੍ਰਿਤ ਵੀ ਪਾਨ ਕਰਨ ਲਈ ਕਹਿੰਦੇ ਹਨ। ਇਹ ਵਿਧੀ ਬਦਲਵੇਂ ਰੂਪਾਂ ਵਿੱਚ ਦੂਸਰੇ ਮੱਤਾਂ 'ਚ ਵੀ ਪ੍ਰਚਲਤ ਹੈ। ਈਸਾਈਆਂ ਵਿੱਚ ਬੈਪਟਿਜ਼ਮ (Baptism) ਮੁਸਲਮਾਨਾਂ ਵਿੱਚ ਸੁੰਨਤ, ਹਿੰਦੂਆਂ ਵਿੱਚ ਜਗੋਪੀਤ ਹੈ ਤੇ ਸਿੱਖਾਂ ਵਿੱਚ ਅੰਮ੍ਰਿਤ ਛਕਣਾ॥*


www.AKJ.Org

# ਕਲਗੀਆਂ ਵਾਲੇ ਸਤਿਗੁਰੁ

ਚਰਨਜੀਤ ਸਿੰਘ ਢੰਡਾਰੀ ਖੁਰਦ

ਕਲਗੀਆਂ ਵਾਲੇ ਸਤਿਗੁਰ, ਆ ਕੇ ਫੇਰਾ ਪਾ ਜਾਵੇ,
ਤੁਹਾਨੂੰ ਭੁੱਲ ਗਏ ਤੁਹਾਡੇ ਸਿੱਖ, ਜੋ ਕਰਮਾਂ ਮਾਰੇ॥
ਜਿਨ੍ਹਾਂ ਦੀ ਖਾਤਰ ਤੁਸਾਂ ਨੇ, ਪਿਤਾ ਦਿੱਲੀ ਨੂੰ ਤੋਰਿਆ,
ਉਹੀਓ ਮਾਰਨ ਲੱਗ ਪਏ, ਸਿੱਖੀ ਨੂੰ ਲਲਕਾਰੇ॥
ਜਿਨ੍ਹਾਂ ਦੀ ਖਾਤਰ ਵਾਰੀ, ਅਜੀਤ, ਜੁਝਾਰ ਜਵਾਨੀ ਸੀ,
ਉਨ੍ਹਾਂ ਤੋਂ ਕੇਸ ਨਾਂ ਜਾਂਦੇ, ਸਿਰਾਂ ਤੇ ਸਹਾਰੇ॥
ਜਿਨ੍ਹਾਂ ਦੀ ਖਾਤਰ ਕੰਧ ਵਿਚ, ਛੋਟੇ ਲਾਲ ਚਿਣਾਏ ਸੀ,
ਉਹੀ ਢਾਹੁਣ ਲੱਗ ਪਏ, ਸਿੱਖੀ ਦੇ ਮਹਿਲ ਮੁਨਾਰੇ॥
ਸਿੱਖੀ ਸ਼ਾਨ ਦੀ ਖਾਤਰ, ਤੁਸਾਂ ਸਰਬੰਸ ਵਾਰਿਆ,
ਉਸੇ ਸਿੱਖੀ ਨੂੰ ਹੁਣ, ਜਾਪਣ ਖਤਰੇ ਭਾਰੇ॥
ਪਹੁਲ ਛਕਾ ਕੇ ਜਿਸਨੂੰ, ਗਿਦੜੋਂ ਸ਼ੇਰ ਬਣਾਇਆ ਸੀ,
ਬੇਮੁੱਖ ਹੋ ਕੇ ਤੁਹਾਥੋਂ, ਹੁਣ ਭਬਕਾਂ ਨੂੰ ਮਾਰੇ॥
ਭੁੱਲ ਗਏ ਮਨੀ ਸਿੰਘ ਨੇ, ਬੰਦ ਬੰਦ ਜੋ ਕਟਵਾਏ ਸੀ,
ਭੁੱਲ ਗਏ ਮਤੀ ਦਾਸ ਦੇ, ਸੀਸ 'ਤੇ ਚਲਦੇ ਆਰੇ॥
ਆਪਣੇ ਪੰਥ ਦੀ ਰੱਖ ਲਉ, ਆਪ ਹੀ ਮੇਰੇ ਦਾਤਾ ਜੀ,
ਤਾਹੀਉਂ ਕੁਲ ਦੁਨੀਆਂ ਵਿਚ, ਗੂੰਜਣ ਜੈ ਜੈਕਾਰੇ ॥
ਕਿਰਪਾ ਕਰਕੇ ਸਾਨੂੰ, ਸਿੱਧੇ ਰਸਤੇ ਪਾ ਜਾਵੋ,
ਤੁਹਾਡੇ ਬਾਝੋਂ ਸਾਡੀ, ਵਿਗੜੀ ਕਉਣ ਸਵਾਰੇ॥
ਹੋਈਆਂ ਭੁੱਲਾਂ ਬਖਸ਼ੋ, ਦਾਤਾ ਬਖਸ਼ਣਹਾਰੇ ਜੀ,
"ਚਰਨਜੀਤ ਸਿੰਘ" ਤੁਹਾਡੇ, ਦਰ ਤੇ ਅਰਜ਼ ਗੁਜ਼ਾਰੇ ॥


## GURMAT PARSAR SEWA SOCIETY (REGD.)

KOTHI NO.1444 SECTOR 34-C CHANDIGARH PH: 0172-667803

### ਪੜ੍ਹੇ ਲਿਖੇ ਗੁਰਮਤਿ ਪ੍ਰਸਾਰਕਾਂ ਦੀ ਭਰਤੀ

ਸਿੱਖੀ ਦੇ ਪ੍ਰਸਾਰ ਲਈ ਪੜ੍ਹੇ ਲਿਖੇ ਧਰਮ ਪ੍ਰਤੀ ਨਿਸ਼ਠਾ ਰੱਖਣ ਵਾਲੇ ਵਿਅਕਤੀਆਂ ਨੂੰ ਉਤਸ਼ਾਹਿਤ ਕਰਨ ਲਈ ਗੁਰਮਤਿ ਪ੍ਰਸਾਰਕਾ ਦਾ ਇਕ ਸਥਾਈ ਵਰਗ (Cadre) ਗੁਰਮਤਿ ਪ੍ਰਸਾਰ ਸੇਵਾ ਸੁਸਾਇਟੀ ਨੇ ਸਥਾਪਿਤ ਕੀਤਾ ਹੈ। ਇਸ ਯੋਜਨਾ ਦਾ ਉਦੇਸ਼ ਗੁਰਮਤਿ ਪ੍ਰਚਾਰ ਵਿਚ ਜੁੱਟੇ ਸੇਵਾਦਾਰਾ ਨੂੰ ਸਮਾਜ ਵਿਚ ਸਤਿਕਾਰਿਤ ਅਸਥਾਨ ਦਿਵਾਉਣਾ, ਯੋਗ ਵੇਤਨ ਅਤੇ ਹੋਰ ਸਹੂਲਤਾ ਨੂੰ ਉਪਲਬ ਕਰਵਾਉਣਾ ਅਤੇ ਉਨ੍ਹਾਂ ਦੀਆਂ ਸੇਵਾਵਾ ਦੀ ਪ੍ਰਪੱਕਤਾ ਬਣਾਈ ਰੱਖਣਾ ਹੈ।

ਉਪਰੋਕਤ ਮੰਤਵ ਦੀ ਪੂਰਤੀ ਲਈ ਹੇਠ ਲਿਖੀਆਂ ਸ਼ਰਤਾਂ ਪੂਰਨ ਕਰਨ ਵਾਲੇ ਵਿਅਕਤੀਆਂ ਤੋਂ, ਨੀਯਤ ਪ੍ਰੋਫਾਰਮੇ 'ਤੇ ਜੋ ਸੁਸਾਇਟੀ ਦੇ ਦਫ਼ਤਰ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ, ਅਰਜ਼ੀਆਂ ਆਮੰਤ੍ਰਿਤ ਕੀਤੀਆਂ ਜਾਂਦੀਆਂ ਹਨ। ਅਰਜ਼ੀਆਂ ਲੋੜੀਂਦੀਆਂ ਯੋਗਤਾਵਾਂ ਦੇ ਸਰਟੀਫਿਕੇਟਾਂ ਸਹਿਤ ਸੁਸਾਇਟੀ ਦੇ ਦਫ਼ਤਰ ਮਕਾਨ ਨੰ 1444, ਸੈਕਟਰ 34-ਸੀ, ਚਡੀਗੜ੍ਹ ਵਿਖੇ 15.3.99 ਤੱਕ ਪਹੁੰਚ ਜਾਣੀਆਂ ਚਾਹੀਦੀਆਂ ਹਨ।

(ੳ) ਵਿਦਿਅਕ ਯੋਗਤਾ ਬੀ. ਏ- ੨ ਸਾਲ ਜਾਂ ਵਧੇਰੇ ਸਮੇਂ ਤੋਂ ਪ੍ਰਚਾਰ ਦੇ ਖੇਤਰ ਵਿਚ ਵਿਚਰ ਰਹੇ ਵਿਅਕਤੀਆ ਲਈ ਯੋਗਤਾ 10+2 ਪਾਸ ਤੱਕ ਵਿਚਾਰੀ ਜਾ ਸਕੇਗੀ।
(ਅ) ਧਾਰਮਿਕ ਯੋਗਤਾ ਕਿਸੇ ਮਿਸ਼ਨਰੀ ਕਾਲਜ ਤੋਂ ਦੋ ਸਾਲ ਦਾ ਕੋਰਸ ਕੀਤਾ ਹੋਣਾ ਚਾਹੀਦਾ ਹੈ।
(ੲ) ਕੀਰਤਨ ਜਾਂ ਤਬਲੇ ਦੀ ਯੋਗਤਾ ਰੱਖਣ ਵਾਲਿਆਂ ਨੂੰ ਪਹਿਲ ਦਿੱਤੀ ਜਾਵੇਗੀ।
(ਸ) ਅੰਗਰੇਜ਼ੀ ਭਾਸ਼ਾ ਦਾ ਗਿਆਨ ਅਤੇ ਬੋਲਣ ਦਾ ਅਭਿਆਸ ਵਾਧੂ ਯੋਗਤਾ ਸਮਝੀ ਜਾਵੇਗੀ ਅਤੇ ਪਹਿਲ ਦਿੱਤੀ ਜਾਵੇਗੀ।
(ਹ) ਉਮਰ 8 ਸਾਲ ਅਤੇ 30 ਸਾਲ ਦੇ ਵਿਚ
(ਕ) ਉਮੀਦਵਾਰ ਦਾ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ।

ਚੁਣੇ ਗਏ ਵਿਅਕਤੀਆਂ ਨੂੰ ੯ ਮਹੀਨਿਆਂ ਦੀ ਟਰੇਨਿੰਗ ਦਿੱਤੀ ਜਾਵੇਗੀ। ਇਸ ਸਮੇਂ ਦੌਰਾਨ 1000/- ਮਹੀਨਾ ਆਨਰੇਰੀਅਮ ਵਜੋਂ ਦਿੱਤਾ ਜਾਵੇਗਾ। ਸੰਤੋਸ਼ਜਨਕ ਟਰੇਨਿੰਗ ਪੂਰੀ ਕਰਨ ਤੋਂ ਪ੍ਰਸਾਰਕਾਂ ਨੂੰ 3000-150-4500-200-5500 ਦੇ ਸਕੇਲ ਵਿਚ ਸੇਵਾ 'ਤੇ ਲਗਾਇਆ ਜਾਵੇਗਾ। ਸਕੇਲ ਤੋਂ ਇਲਾਵਾ ਹੋਰ ਸਹੂਲਤਾ ਵੀ ਉਪਲਬਧ ਹੋਣਗੀਆਂ। ਨੀਯਤ ਕੀਤੇ ਗਏ ਸੇਵਕਾਂ ਨੂੰ ਦੇਸ-ਪ੍ਰਦੇਸ਼ ਦੇ ਕਿਸੇ ਵੀ ਕੋਨੇ ਵਿਚ ਸੇਵਾ ਦਿੱਤੀ ਜਾ ਸਕੇਗੀ।

(ਰਜਿੰਦਰ ਸਿੰਘ, ਜਨਰਲ ਸਕੱਤਰ)





www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ-੧੦

(ਗੁਰਪੁਰਵਾਸੀ ਭਾ: ਸ: ਭਾ: ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਦੇਖੋ ਸੂਰਾ ਫਰਵਰੀ ੯੯)

## ੧੮- ਮਨਮਤਿ ਕਰਮ

ਪਾਇਓ ਬਾਲ ਬੁਧਿ ਸੁਖੁ ਰੇ ॥
ਹਰਖ ਸੋਗ ਹਾਨਿ ਮਿਰਤੁ ਦੂਖ ਸੁਖ
ਚਿਤਿ ਸਮਸਰਿ ਗੁਰ ਮਿਲੇ ॥ ੧ ॥ ਰਹਾਉ॥
ਜਉ ਲਉ ਹਉ ਕਿਛੁ ਸੋਚਉ ਚਿਤਵਉ ਤਉ ਲਉ ਦੁਖਨੁ ਭਰੇ ॥
ਜਉ ਕ੍ਰਿਪਾਲੁ ਗੁਰੁ ਪੂਰਾ ਭੇਟਿਆ ਤਉ ਆਨਦ ਸਹਜੇ ॥੧॥
ਜੇਤੀ ਸਿਆਨਪ ਕਰਮ ਹਉ ਕੀਏ ਤੇਤੇ ਬੰਧ ਪਰੇ ॥
ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤ ਭਏ ॥੨॥
ਜਉ ਲਉ ਮੇਰੋ ਮੇਰੋ ਕਰਤੋ ਤਉ ਲਉ ਬਿਖੁ ਘੇਰੇ॥
ਮਨੁ ਤਨੁ ਬੁਧਿ ਅਰਪੀ ਠਾਕੁਰ ਕਉ ਤਬ ਹਮ ਸਹਜਿ ਸੋਏ ॥੩॥
ਜਉ ਲਉ ਪੋਟ ਉਠਾਈ ਚਲਿਅਉ ਤਉ ਲਉ ਡਾਨ ਭਰੇ ॥
ਪੋਟ ਡਾਰਿ ਗੁਰੁ ਪੂਰਾ ਮਿਲਿਆ ਤਉ ਨਾਨਕ ਨਿਰਭਏ ॥੪॥
॥੧॥੧੫੯॥ (ਗਉੜੀ ਮਾਲਾ ਮ:੫, ਪੰਨਾ ੨੧੪)

ਵਿਆਖਿਆ – ਬਾਲਕਾਂ ਵਾਲੀ ਬੁਧੀ (ਸਾਦਾ ਸੁਭਾਵ) ਧਾਰਨ ਕੀਤਿਆਂ ਹੀ ਸੁਖੀ ਹੋਈਦਾ ਹੈ। ਪਰ ਇਹ ਬਾਲਕਾਂ ਦੀ ਬੁਧੀ ਵਾਲਾ ਸਾਦਾਪਨ ਤਦੇ ਹੀ ਧਾਰਨ ਹੁੰਦਾ ਹੈ ਅਤੇ ਸੁਤੇ ਹੀ ਧਾਰਨ ਹੋ ਜਾਂਦਾ ਹੈ ਜੋ ਸੱਚਾ ਗੁਰੂ ਧਾਰਨ ਕਰੀਦਾ ਹੈ। ਨਿਗੁਰਿਓਂ ਸਗੁਰਾ ਹੋਈਦਾ ਹੈ। ਸਤਿਗੁਰੂ ਦੀ ਸ਼ਰਨ ਪ੍ਰਾਪਤਿ ਕੀਤਿਆਂ ਬੁਧੀ ਕੁਬੁਧੀ, ਕੁਮਤਾਂ ਮਨਮਤਾਂ ਵਾਲੀ ਬੁਧੀ, ਸਿਆਣਪਾਂ ਚਤੁਰਾਈਆਂ ਵਾਲੀ ਬੁਧੀ ਪਲਟ ਕੇ ਸੁਬੁਧ ਸਾਦਾ-ਲੋਹੀ (ਨਿਰਛਲ) ਬੁਧੀ, ਰਿੱਧੀ ਸਿੱਧੀ ਦੀਆਂ ਸਦ ਰਹਿਮਤਾਂ ਵਾਲੀ ਕਰਾਮਾਤੀ ਅਲੌਕਿਕ ਬੁਧੀ ਹੋ ਜਾਂਦੀ ਹੈ। ਸਤਿਗੁਰ ਸੁਪਲਟੀ (ਸਤਿਗੁਰੂ ਮਿਲਣ ਕਰਿ ਪਲਟਾ ਖਾ ਗਈ) ਗੁਰਮਤਿ ਸੰਜੀਵਨੀ ਬੁਧੀ ਵਿਚਿ ਸਿਆਣਪ ਚਤਰਾਈਆਂ, ਮਕਰ ਫਰੇਬ, ਦਗ਼ਾ ਕਪਟ, ਪਾਖੰਡ ਆਦਿਕ ਮਨਮਤੀ ਅਵਗੁਣ ਨਹੀਂ ਰਹਿੰਦੇ। ਸਾਧਾਰਨ ਬਾਲਕਾਂ ਵਾਲੀ ਦੁੱਧ-ਧੋਤੀ ਹੋ ਜਾਂਦੀ ਹੈ। ਤਾਹੀਂ ਤੇ ਸਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਪਰ ਮਨ ਦੀ ਮਤ ਨੂੰ ਤਿਆਗ ਕੇ ਗੁਰਮਤਿ ਮਤ ਵਿਚਿ ਲੀਨ ਹੋ ਕੇ ਹੁੰਦੀ ਹੈ। ਉਸ ਗੁਰ-ਸੰਵਾਰੀ, ਗੁਰੂ ਸਾਧਾਰੀ, ਗੁਰ ਪਲਟਾਰੀ ਬੁਧੀ ਵਾਲੇ ਬਾਲਕ ਸਮਾਨ ਸਾਫ਼ ਸਿਧੇ ਪਧਰੇ ਗੁਰਮੁਖ ਜਨ ਦੇ ਚਿਤ ਵਿਚਿ ਮਨਮੁਖਾਂ ਮਨਮਤੀਆਂ ਵਾਂਗੂੰ ਊਭ ਪਇਆਲੀ ਉਤਾਰ ਚੜ੍ਹਾਉ ਨਹੀਂ ਰਹਿੰਦੇ, ਬਲਕਿ ਹਰਖ ਸੋਗ (ਖ਼ੁਸ਼ੀ ਤੇ ਗ਼ਮੀ) ਨਫਾ ਨੁਕਸਾਨ (ਹਾਣ ਲਾਭ), ਮਰਨਾ ਜੀਵਣਾ, ਦੁਖ ਸੁਖ ਆਦਿਕ ਸਭ ਕੁਝ ਇਕ-ਸਾਰ (ਸਮਾਨ, ਬਰੋਬਰ) ਹੀ ਜਾਪਦੇ ਹਨ। ਸੱਚ ਮੁੱਚ ਇਕਸਾਰ ਹੁੰਦੇ ਹਨ। ਲੰਮੀਆਂ ਸੋਚਾਂ, ਚਤਰਾਈਆਂ, ਸਿਆਣਪਾਂ, ਕਪਟ ਫ਼ਰੇਬੀ ਚਾਲਾਂ ਕੁਚਾਲਾਂ, ਕਦੇ ਦੁਖੀ ਕਦੇ ਸੁਖੀ ਹੋਣਾ ਅਤੇ ਖ਼ੁਸ਼ੀ ਹੋਣਾ, ਕਦੇ ਗ਼ਮਗ਼ੀਨ ਹੋਣਾ ਇਤਿਆਦਿ ਸਭ ਕੁਝ ਮਨ ਦੀ ਮਤ ਵਾਲੇ ਮਨਮਤੀਏ ਮਨਮੁਖ ਨੂੰ ਉਸਦੀ ਮਨਮਤ ਕਰਮ ਕਰਨੀ ਕਰਿ ਹਰ ਦੰਮ ਵਾਪਰਿਆ ਰਹਿੰਦਾ ਹੈ। ਜਦ ਤਾਈਂ ਤੇ ਜਿੰਨਾ ਚਿਰ ਮਨਮਤੀਆ ਪੁਰਸ਼ ਸੋਚਾਂ ਫ਼ਿਕਰਾਂ ਨਾਲਿ ਘਿਰਿਆ ਰਹਿੰਦਾ ਹੈ, ਤਦ ਤਾਈਂ ਅਤੇ ਉਤਨਾ ਚਿਰ ਉਹ ਦੁਖਾਂ ਨਾਲਿ ਭਰਿਆ ਰਹਿੰਦਾ ਹੈ। ਮਨਮਤ ਕਰਮਾਂ ਦੇ ਕੁਫੇਰ ਵਿਚਿ ਪੈਣ ਕਰਕੇ ਉਹ ਸੋਚਾਂ ਫ਼ਿਕਰਾਂ ਅੰਦੇਸ਼ਿਆਂ ਤੌਖਲਿਆਂ ਦਾ ਸ਼ਿਕਾਰ ਬਣਿਆ ਰਹਿਣ ਕਰਕੇ ਪੁੱਜ ਕੇ ਅਤੀ ਦੁਖੀ ਹੁੰਦਾ ਹੈ॥ ਇਹਨਾਂ ਦੁਖਾਂ ਤੋਂ ਨਿਰੋਲ ਖਲਾਸੀ ਅਤੇ ਅਡੋਲ ਨਿਸਚਿੰਤਤਾ-ਮਈ ਆਤਮ ਆਨੰਦੀ ਦਸ਼ਾ ਉਦੋਂ ਹੀ ਪ੍ਰਾਪਤਿ ਹੁੰਦੀ ਹੈ, ਜਦੋਂ ਉਹ ਕਿਰਪਾਲ ਸਤਿਗੁਰੂ ਨੂੰ ਭੇਟਦਾ ਹੈ। ਸਤਿਗੁਰੂ ਨੂੰ ਭੇਟੇ ਬਿਨਾਂ ਮਨ ਦੀਆਂ ਮੱਤਾਂ ਕੁਮੱਤਾ ਜਾਂਦੀਆਂ


www.AKJ.Org

ਨਹੀਂ। ਮਨ ਅੰਦਰੋਂ ਨਿਕਲਦੀਆਂ ਨਹੀਂ। ਨਾ ਹੀ ਮਨਮਤ ਕਰਮਾਂ ਨੂੰ ਕਰਨੋਂ ਮਨਮਤੀਆਂ ਪੁਰਸ਼ ਹਟਦਾ ਹੈ। ਬਾਜ਼ ਨਹੀਂ ਆਉਂਦਾ। ਗੁਰੂ ਪੂਰਾ ਭੇਟੇ ਤੇ ਸਹਿਜ ਆਨੰਦ ਸਹਿਜੇ ਹੀ ਪ੍ਰਾਪਤਿ ਹੋ ਜਾਂਦਾ ਹੈ। (ਨਿਸਚੇ ਰਹੇ ਕਿ ਸਤਿਗੁਰੂ ਨਾਨਕ ਅਤੇ ਉਸਦੇ ਦਸੇ ਜਾਮੇ ਅਤੇ ਦਸੋਂ ਜਾਮਿਆਂ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਝੋਂ ਪੂਰਾ ਗੁਰੂ ਕੋਈ ਨਹੀਂ, ਨਾ ਹੈ, ਨਾ ਹੋਇਆ, ਨਾ ਹੋਵੇਗਾ) । ਪੂਰੇ ਗੁਰੂ ਦੀ ਭੇਟਨਾ (ਫ਼ੀ ਜ਼ਮਾਨਾ) ਅੱਜ ਕਲ੍ਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਪੰਜਾਂ ਪਿਆਰਿਆਂ ਗੁਰਮੁਖ ਜਨਾਂ ਦੁਆਰਾ ਅੰਮ੍ਰਿਤ ਛਕ ਕੇ,ਸਿੰਘ ਸਜਣ ਅਤੇ ਗੁਰਦੀਖਿਆ ਪ੍ਰਾਪਤਿ ਕਰਨ ਨਾਲਿ ਹੁੰਦੀ ਹੈ; ਐਵੇਂ ਨਹੀਂ। ਕਦਾਚਿਤ ਨਹੀਂ। ਜਿੰਨੀ ਸਿਆਣਪ ਭਰੇ ਕਰਮ ਮਨ ਦੀ ਮਤਿ ਵਾਲੇ ਮਨਮਤੀਏ ਪੁਰਸ਼ ਕਰਦੇ ਹਨ, ਉਨੇ ਹੀ ਬੰਧਨ ਉਨ੍ਹਾਂ ਨੂੰ ਪੈਂਦੇ ਹਨ। ਏਹਨਾਂ ਬੰਧਨਾਂ ਤੋਂ ਬੰਦ-ਖਲਾਸੀ (ਮੁਕਤੀ) ਤਦੋਂ ਹੀ ਹੁੰਦੀ ਹੈ ਜਦੋਂ ਸਦਾ ਹਾਜ਼ਰ ਨਾਜ਼ਰ ਸਤਿਗੁਰੂ ਪੰਜਾਂ ਪਿਆਰਿਆਂ ਦੇ ਸਾਧ ਸਰੂਪ ਵਿਚਿ ਅੰਮ੍ਰਿਤ ਛਕਣ ਸਮੇਂ ਉਹਨਾਂ ਦੇ ਮੱਥੇ ਤੇ ਹੱਥ ਧਰਦਾ ਹੈ। ਮਨਮਤੀ ਪੁਰਸ਼ ਦੀ ਮਨਮਤ ਤਤਕਾਲ ਹੀ ਦੂਰ ਹੋ ਜਾਂਦੀ ਹੈ। ਜਦੋਂ ਤਾਈਂ ਆਪਣੀ ਮਨ ਦੀ ਮੱਤ ਦੇ ਅਧੀਨ ਹੋ ਕੇ ਮਨਮਤੀਆ ਪੁਰਸ਼ ਮੇਰੀ ਮੇਰੀ ਕਰਦਾ ਹੈ। ਤਦ ਤਾਈਂ ਉਹ ਬਿਖ ਮਾਇਆ ਦੇ ਅਲਸੇਟੇ ਵਿਚਿ ਘਿਰਿਆ ਰਹਿੰਦਾ ਹੈ। ਜਦੋਂ ਸਤਿਗੁਰੂ ਦੇ ਬਣ ਕੇ ਸਤਿਗੁਰੂ ਦੇ ਪ੍ਰਤਾਪ ਨਾਲ ਮਨ ਤਨ, ਮਨ ਦੀ ਮਤਿ ਬੁਧੀ ਵਾਹਿਗੁਰੂ ਨੂੰ ਅਰਪਨ ਕਰਿ ਦਿਤੀ ਤਦ ਸਹਿਜ ਸ਼ਾਂਤੀ ਮਿਲੀ ਅਤੇ ਬੇਫਿਕਰੀ ਹੋਈ। ਜਦੋਂ ਤਾਈਂ ਪਾਪਾਂ ਪੁੰਨਾਂ ਦੀ ਪੋਟਲੀ, ਪਰਕ੍ਰਿਤੀ ਪੂਰਤ ਕਰਮਾਂ ਦੀ ਮਾਇਕ ਗਠੜੀ ਚੁਕੀ ਫਿਰਦੇ ਰਹੇ, ਤਦੋਂ ਤਾਈਂ ਧਰਮਰਾਇ ਡੰਨ, ਜਮਦੂਤਾਂ ਦਾ ਠੇਂਗਾ ਸਿਰ ਤੇ ਸਹਿਣਾ ਪਿਆ ਅਤੇ ਡੰਨ ਦੇਣਾ ਹੀ ਪਿਆ। ਜਦੋਂ ਇਸ ਪੰਡ ਨੂੰ ਸਿਰੋਂ ਉਤਾਰ ਕੇ ਨਿਰੇ ਗੁਰੂ ਦੇ ਹੀ ਬਣ ਗਏ ਤਦੋਂ ਗੁਰੂ ਨਾਨਕ ਸਾਹਿਬ ਦੀ ਕਿਰਪਾ ਨਾਲਿ ਨਿਰਭੈ ਦਸ਼ਾ ਹੋਈ। ਜਮਦੂਤਾਂ ਦੇ ਡੰਨ ਆਦਿਕ ਦਾ ਕੋਈ ਤੌਖਲਾ ਨਾ ਰਿਹਾ। ਮਨ ਦੀ ਮਤਿ ਤਿਆਗੀ ਤੋਂ ਅਤੇ ਸੱਚੀ ਗੁਰਮਤਿ ਧਾਰਨ ਕੀਤੀ ਤੇ ਪਾਪਾਂ, ਮਾਇਆ ਸੰਤਾਪਾਂ ਦੇ ਭਾਰ ਤੋਂ ਹਉਲੇ ਹੋਏ। ਆਨਮਤਿ ਕਰਮ ਗੁਰਮਤਿ ਧਾਰੀ ਤੋਂ ਬਿਨਾਂ ਛਡੇ ਨਹੀਂ ਜਾਂਦੇ। ਸਾਰਾ ਜਗਤ ਮਨਮਤੀਆਂ ਤੇ ਮਨਮੁਖੀਆਂ ਦਾ ਸਤਿਗੁਰੂ ਬਾਝੋਂ ਦੁਖੀਆ ਹੋਇ ਰਿਹਾ ਹੈ। ਇਹ ਦੁਖ ਸੰਤਾਪ ਕਿਵੇਂ ਉਤਰੇ ਜਦ ਤਾਈਂ ਮਨਮਤਿ ਛਡ ਕੇ ਗੁਰਮਤਿ ਨਾ ਧਾਰਨ ਕੀਤੀ ਜਾਵੇ ਅਤੇ ਮਨਮਤਿ ਕਰਮ ਨਾ ਛਡੇ ਜਾਣ।

ਮੋ ਕਉ ਇਹ ਬਿਧਿ ਕੋ ਸਮਝਾਵੈ ॥ ਕਰਤਾ ਹੋਇ ਜਨਾਵੈ ॥੧॥ ਰਹਾਉ॥
ਅਨਜਾਨਤ ਕਿਛੁ ਇਨਹਿ ਕਮਾਨੋ ਜਪ ਤਪ ਕਛੂ ਨ ਸਾਧਾ ॥
ਦਹਦਿਸਿ ਲੈ ਇਹੁ ਮਨੁ ਦਉਰਾਇਓ ਕਵਨ ਕਰਮ ਕਰਿ ਬਾਧਾ ॥੧॥
ਮਨ ਤਨ ਧਨ ਭੂਮਿ ਕਾ ਠਾਕੁਰੁ ਹਉ ਇਸ ਕਾ ਇਹੁ ਮੇਰਾ ॥
ਭਰਮ ਮੋਹ ਕਿਛੁ ਸੂਝਸਿ ਨਾਹੀ ਇਹ ਪੈਖਰ ਪਏ ਪੈਰਾ ॥੨॥
ਤਬ ਇਹੁ ਕਹਾ ਕਮਾਵਨ ਪਰਿਆ ਜਬ ਇਹੁ ਕਛੂ ਨ ਹੋਤਾ ॥
ਜਬ ਏਕ ਨਿਰੰਜਨ ਨਿਰੰਕਾਰ ਪ੍ਰਭ ਸਭੁ ਕਿਛੁ ਆਪਹਿ ਕਰਤਾ ॥੩॥
ਅਪਨੇ ਕਰਤਬ ਆਪੇ ਜਾਨੈ ਜਿਨਿ ਇਹੁ ਰਚਨੁ ਰਚਾਇਆ ॥
ਕਹੁ ਨਾਨਕ ਕਰਣਹਾਰੁ ਹੈ ਆਪੇ ਸਤਿਗੁਰਿ ਭਰਮੁ ਚੁਕਾਇਆ ॥੪॥
॥੫॥੧੬੩॥ ਗਉੜੀ ਮਾਲਾ ਮ:੫, (ਪੰਨਾ ੨੧੫-੧੬)

ਵਿਆਖਿਆ- ਇਹ ਜੀਵ ਪ੍ਰਾਣੀ ਆਪਣੇ ਮਨ ਦੀ ਮੱਤ-ਮਤਿਆ ਹੋਇਆ ਹਰੇਕ ਕਰਮ ਦਾ ਕਰਤਾ ਧਰਤਾ ਆਪਿ ਹੀ ਆਪਣੇ ਆਪ ਨੂੰ ਜਣਾਉਂਦਾ ਹੈ ਕਿ ਮੈਂ ਖ਼ੁਦ ਹੀ ਹਰੇਕ ਕਰਮ ਦਾ ਕਰਨਹਾਰਾ ਹਾਂ। ਮੈਨੂੰ ਕਰਮ ਕਰਨ ਦੀ ਬਿਧੀ ਸਮਝਾਉਣਹਾਰਾ ਹੋਰ ਕਉਣ ਜੰਮਿਆ ਹੈ ਏਦੂੰ ਵੱਡੀ ਹੋਰ ਕਿਹੜੀ ਅਹੰ-ਮਤਿ ਹੋ ਸਕਦੀ ਹੈ? ਪਰ ਦਰ-ਅਸਲ ਇਹ ਮਨਮਤੀ ਜੀਵ ਬਜ਼ਾਤੇ ਖ਼ੁਦ ਕਿਸੇ ਭੀ ਕਰਮ ਨੂੰ ਕਰਨ ਦੀ ਸਮਰਥਾ ਨਹੀਂ ਰਖਦਾ। ਇਸ ਨੂੰ ਸੂਝ ਬੂਝ ਹੀ ਨਹੀਂ ਕਿ ਕਿਹੜੇ ਕਰਮ ਕਰਨਯੋਗ ਹਨ ਅਤੇ ਕਿਹੜੇ ਨਹੀਂ। ਜੇ ਏਤਨੀ ਛਾਣ ਬੀਣ

ਇਹ ਕਰ ਸਕੇ ਤਾਂ ਆਪਣੇ ਆਪ ਇਹ ਮੰਦ ਕਰਮ ਕਿਉਂ ਕਰੇ ਅਤੇ ਚੰਗੇ ਹੀ ਕਰੇ। ਇਸ ਨੂੰ ਮੰਦੇ ਚੰਗੇ ਦੀ ਕੁਛ ਪਛਾਣ ਹੀ ਨਹੀਂ। ਅਲਪੱਗ ਮਤੜੀ ਅਨੁਸਾਰ ਕਰਮ ਦੀ ਅਸਲੀਅਤ ਨੂੰ ਜਾਣੇ ਬਿਨਾਂ ਹੀ ਇਹ ਜੋ ਕੁਛ ਕਰਦਾ ਹੈ, ਸੋ ਕਰਦਾ ਹੈ। ਜੋ ਕਰਮ ਕਮਾਉਂਦਾ ਹੈ। ਸੋ ਕਰਮ ਦੀ ਤਹਿ ਵਿੱਚ ਪੁੱਜੇ ਬਿਨਾਂ ਹੀ ਕਮਾਉਂਦਾ ਹੈ ਤਾਹੀਂ ਚੋਟਾ ਖਾਂਦਾ ਹੈ। ਅਤੇ ਚੋਟਾਂ ਖਾਂਦੇ ਹੀ ਤੁਰਿਆ ਆਉਂਦਾ ਹੈ। ਜਨਮਾਂ ਜਨਮਾਂ ਤੋਂ ਹੀ ਕਰਮ ਬਸ ਹੋ ਕੇ ਚੋਟਾਂ ਖਾ ਰਿਹਾ ਹੈ। ਪਿਛਲੇ ਕਰਮ ਦੀ ਸਜ਼ਾ-ਭੁਗਤਣੇ ਕੰਮ ਕਰਦਾ ਹੋਇਆ ਇਹ ਕਈ ਕੰਮ ਐਸੇ ਕਰਦਾ ਹੈ ਕਿ ਇਸ ਨੂੰ ਪਤਾ ਹੀ ਨਹੀਂ ਹੁੰਦਾ ਕਿ ਇਹ ਕਰਮ ਕਰਨੇ ਹਨ ਯਾ ਨਹੀਂ। ਪਰ ਅਵੱਸ਼ ਇਸ ਨੂੰ ਉਹ ਕਰਮ ਕਰਨੇ ਪੈਂਦੇ ਹਨ। ਪਿਛਲੇ ਜਨਮ ਦੇ ਸਜ਼ਾ-ਭੁਗਤਾਊ ਕਰਮ ਤਾਂ ਅਵੱਸ਼ ਉਸ ਤੋਂ ਹੋਣੇ ਹੀ ਹੋਏ। ਚਾਹੇ ਚੰਗੇ ਚਾਹੇ ਮੰਦੇ, ਪਰਇਹਨੂੰ ਤਾਂ ਇਹ ਭੀ ਸੁਰਤਿ ਨਹੀਂ ਕਿ ਚੰਗੇ ਮੰਦੇ ਕਰਮ ਕਿਹੜੇ ਹੁੰਦੇ ਹਨ। ਪਰ ਜਿਹੜੇ ਭੀ ਇਹ ਕਰਮ ਕਰਦਾ ਹੈ ਉਸ ਵਿਚਿ ਆਪਣੀ ਮਤਸਰ ਜ਼ਰੂਰ ਘਸੋੜਦਾ ਹੈ। ਇਸ ਮਤਸਰ ਦੇ ਕਾਰਨ ਚੋਟਾਂ ਖਾਂਦਾ ਹੈ। ਇਸ ਨੂੰ ਤਾਂ ਜਪ ਤਪ ਆਦਿਕ ਕਰਮ ਸਾਧਨ ਦੀ ਸੂਝ ਹੀ ਨਹੀਂ। ਉਂਞ ਆਪਣੇ ਜਾਣੇ ਆਪਣੀ ਅਹੰਮਤ ਕਰਿ ਇਹਨਾਂ ਅਹੰਮਤੀ ਆਨਮਤ ਕਰਮਾਂ ਦਾ (ਜਪ ਤਪ ਆਦਕ) ਕਰਨਹਾਰਾ ਆਪਣੇ ਆਪ ਨੂੰ ਆਪ ਜਣਾਉਂਦਾ ਹੈ। ਜਿਤਨੇ ਭੀ ਕਰਮ ਕਰਦਾ ਹੈ, ਮਨ ਦੀ ਮੱਤ ਅਹੰਮਤ ਦੇ ਬਫਾਸਰੇ ਕਰਦਾ ਹੈ। ਮਨ ਤਾਂ ਇਸ ਮਨਮਤੀ ਪੁਰਸ਼ ਦੇ ਕਾਬੂ ਵਿਚਿ ਇਕ ਛਿਨ ਮਾਤਰ ਭੀ ਨਹੀਂ ਰਹਿੰਦਾ। ਦਹਿਦਿਸਿ ਦਉੜਿਆ ਫਿਰਦਾ ਹੈ। ਅਤੇ ਦਹਿਦਿਸ ਧਾਵੰਦਾ ਹੋਇਆ ਅਨਿਕ ਪਰਕਾਰੀ ਅਹੰਮਤ ਕਰਮ ਕਮਾਵੰਦਾ ਹੈ। ਏਹਨਾਂ ਅਹੰਮਤ ਕਰਮਾਂ ਕਰਕੇ ਇਹ ਬੰਧਨਾਂ ਵਿਚਿ ਪੈ ਜਾਂਦਾ ਹੈ। ਪਰ ਏਸ ਨੂੰ ਇਹ ਭੀ ਪਤਾ ਨਹੀਂ ਰਹਿੰਦਾ ਕਿ ਕਿਹੜੇ ਕਰਮ ਕਰਕੇ ਇਹ ਬੰਧਨ ਇਸ ਨੂੰ ਪਏ ਹਨ। ਇਹ ਸਾਰੇ ਕਰਮ ਹੀ ਬੰਧਨ ਪਾਉਣ-ਹਾਰੇ ਹਨ, ਅਹੰਮਤੀ ਕਰਮ ਜੁ ਹੋਏ, ਮਨ ਦੀ ਮਤਿ ਅਨੁਸਾਰ ਕੀਤੇ ਕਰਮ ਜੁ ਹੋਏ। ਮਨ ਦੀ ਮੂੜ੍ਹਤਾ ਦੇ ਕਾਰਨ ਇਹ ਤਾਂ ਇਉਂ ਸਮਝੀ ਬੈਠਾ ਹੈ ਕਿ ਮੈਂ ਹੀ ਆਪਣੇ ਮਨ ਦਾ ਮਾਲਕ ਹਾਂ, ਮੈਂ ਸਾਰੀ ਧਨ ਧਰਤੀ ਦਾ ਠਾਕੁਰ ਹਾਂ, ਜੋ ਮੇਰੇ ਕਬਜ਼ੇ ਵਿਚਿ ਆਈ ਹੈ। ਮਨ, ਤਨ, ਧਨ ਤੇ ਧਰਤੀ ਦਾ ਮਾਲਕ ਆਪਣੇ ਆਪ ਨੂੰ ਮੰਨ ਕੇ ਇਉਂ ਆਖਦਾ ਹੈ ਕਿ ਮੈਂ ਇਸ ਸਾਰੀ ਮਿਲਖ ਸਾਮਗਰੀ ਦਾ ਮਾਲਕ ਹਾਂ ਅਤੇ ਇਹ ਸਭ ਕੁਛ ਮੇਰਾ ਹੈ। ਭਰਮ ਮੋਹ ਮਮਤਾ ਦੇ ਕਾਰਨ ਉਸ ਨੂੰ ਸੁਝਦਾ ਕੁਛ ਨਹੀਂ। ਮਤਸਰ ਹੀ ਮਤਸਰ ਇਸ ਦੇ ਪਲੈ ਰਹਿ ਜਾਂਦੀ ਹੈ। ਇਸੇ ਮਤਸਰ ਦੇ ਪੈਖੜ ਇਸ ਦੇ ਮਨਮਤੀ ਮਨ ਦੇ ਪੈਰਾਂ ਵਿਚਿ ਪਏ ਹੋਏ ਹਨ। ਅਤੇ ਪਏ ਹੀ ਰਹਿੰਦੇ ਹਨ। ਜਿੰਨਾਂ ਦਾ ਜਕੜਿਆ ਹੋਇਆ ਇਹ ਹੋਰ ਕਿਸੇ ਪਾਸੇ ਹਿਲ ਨਹੀਂ ਸਕਦਾ ਜਦੋਂ ਇਸ ਦੀ ਹਸਤੀ ਹੀ ਕੁਛ ਨਹੀਂ ਸੀ, ਤਦੋਂ ਇਹਨਾਂ ਕਰਮਾਂ ਦਾ ਕਮਾਵਨਹਾਰਾ ਕਉਣ ਸੀ, ਜਿੰਨਾਂ ਦਾ ਕਮਾਊ ਹੁਣ ਇਹ ਆਪਣੇ ਆਪ ਨੂੰ ਆਪਣੀ ਮਤਸਰ ਕਰਿ ਸਦਾਉਂਦਾ ਹੈ। ਇਹ ਤਾਂ ਇਸ ਨੂੰ ਪਤਾ ਨਹੀਂ ਕਿ ਇਹ ਤਾਂ ਗਲਿ ਪਏ ਕਰਮ ਕਮਾਉਂਦਾ ਹੈ ਜੋ ਇਸ ਨੂੰ ਅਵੱਸ਼ ਕਰਨੇ ਹੀ ਬਣਦੇ ਹਨ। ਜਾਣੇ ਚਾਹੇ ਅਣਜਾਣੇ। ਆਪੇ ਇਹ ਕਰਮਾਂ ਦਾ ਕਰਤਾ ਹਰਤਾ ਧਿਙਾਣੇ ਹੀ ਆਪ ਬਣਿਆ ਫਿਰਦਾ ਹੈ। ਇਕੋ ਨਿਰੰਜਨ ਨਿਰੰਕਾਰ ਕਰਮ-ਬਿਧਾਤਾ ਕਰਤਾ-ਪੁਰਖ ਸਭ ਕਰਮਾਂ ਦਾ ਤੱਤ ਮੂਲ ਕਾਰਨ ਹੈ। ਜਿਸ ਕਰਤੇ ਪੁਰਖ ਕਰਤਾਰ ਨੇ ਇਸ ਰਚਨਾ ਨੂੰ ਸਾਜਿਆ ਹੈ, ਉਹ ਆਪਣੇ ਕੰਮਾਂ ਨੂੰ ਆਪ ਹੀ ਜਾਣਦਾ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਕਰਤਾ ਪੁਰਖ ਵਾਹਿਗੁਰੂ ਆਪ ਹੀ ਸਭ ਕੁਛ ਕਰਨ ਵਾਲਾ ਹੈ। ਇਉਂ ਸਮਝਾ ਕੇ ਸਤਿਗੁਰੂ ਨੇ ਭਰਮ ਦੂਰ ਕਰਿ ਦਿਤਾ ਹੈ।

ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥
ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥੧॥ ਰਹਾਉ॥
ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ॥
ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ ॥੧॥
ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ॥
ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ॥੨॥


www.AKJ.Org

ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ॥
ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ॥੩॥
ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰਗਰਾਮੀ॥
ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ ॥੪॥
॥੬॥੧੬੪॥ (ਗਉੜੀ ਮਾਲਾ ਮ: ੫, ਪੰਨਾ ੨੧੬)

ਵਿਆਖਿਆ :- ਵਾਹਿਗੁਰੂ ਦੇ ਭਜਨ ਬਿਨੁ ਹੋਰਿ ਸਾਰੇ ਕਰਮ ਨਿਕੰਮੇ ਹਨ। ਇਹ ਜੋ ਜਪ ਤਪ ਸੰਜਮ ਆਦਿਕ ਕਰਮ ਮਨ ਨੂੰ ਵਿਸ਼ਿਆਂ ਤੋਂ ਰੋਕਣ ਦੇ ਸਾਧਨ ਸਮਝ ਕੇ ਕੀਤੇ ਜਾਂਦੇ ਹਨ, ਇਹ ਸਾਰੇ ਕਰਮ ਉਰੇ ਉਰੇ ਹੀ ਖੁਸ ਮੁਸ ਜਾਂਦੇ ਹਨ। ਇਨ੍ਹਾਂ ਕਰਮਾਂ ਦੇ ਕਰਨਹਾਰੇ ਕਰਮਾਂ ਕਰਕੇ ਰੱਬ ਤਾਈਂ ਪਹੁੰਚਣਾ ਹੀ ਨਹੀਂ ਪਾਉਂਦੇ। ਆਪਣੀ ਮਨਮਤਿ ਕਰਕੇ ਮਨਮਤੀਏ ਪੁਰਸ਼ ਬਰਤ ਨੇਮ ਆਦਿਕ ਆਨਮਤ ਕਰਮਾ ਦੇ ਬਥੇਰੇ ਯਤਨ (ਸੰਜਮ) ਕਰਦੇ ਹਨ, ਪਰ ਉਥੇ (ਅਗਲੀ ਦਰਗਾਹ ਵਿਚਿ) ਇਹਨਾਂ ਕਰਮਾਂ ਦਾ, ਏਹਨਾ ਕਰਮਾਂ ਦੇ ਯਤਨਾਂ ਦਾ ਕਉਡੀ ਮੁਲ ਭੀ ਨਹੀਂ ਪੈਂਦਾ। ਨਾ ਕਿਸੇ ਨੇ ਅਜ ਤਾਈਂ ਪਾਇਆ ਹੈ, ਨਾ ਅਗੇ ਨੂੰ ਪਾ ਸਕੇਗਾ। ਇਹ ਜਪ ਤਪ ਆਦਿਕ ਕਰਮ ਇਸ ਲੋਕ ਵਿਚਿ ਭਾਵੇਂ ਲੋਕਾਂ ਭਾਣੇ ਸਾਲਾਹੇ ਵਡਿਆਏ ਇਜ਼ਤਾਏ ਜਾਣ, ਪਰ ਅਗੇ ਪਰਲੋਕ ਵਿਚਿ ਇਹਨਾਂ ਕਰਮਾਂ ਦੀ ਕਖ ਭੀ ਕਦਰ ਨਹੀਂ ਪੈਂਦੀ। ਉਥੇ ਦਾ ਵਰਤਾਰਾ, ਚਲਣ ਆਚਾਰਾ ਹੀ ਹੋਰ ਹੈ। ਉਥੇ ਕਰਮ ਕਾਂਡ ਦੀ ਕੁਛ ਪੇਸ਼ ਨਹੀਂ ਜਾਂਦੀ। ਉਥੇ ਕਰਮ ਸੁਕਰਮੀ ਸਿਫਤਿ ਸਾਲਾਹੀ ਸਿੱਕੇ ਦੀ ਹੀ ਪਰਧਾਨਤਾ ਹੈ। ਉਥੇ ਇਹਨਾਂ ਕਰਮਾਂ ਤਾ ਤਸੂ ਮਾਤਰ ਫਲ ਨਹੀਂ ਮਿਲਦਾ। ਤਾਂਤੇ ਇਹਨਾਂ ਕਰਮਾਂ ਵਿਚੋਂ ਕੋਈ ਕਰਮ ਭੀ ਉਥੇ ਕੰਮ ਨਾ ਆਇਆ। ਨਾ ਹੀ ਆਵੰਦਾ ਹੈ, ਨਾ ਆਵੇਗਾ। ਆਨਮਤ ਤੀਰਥਾਂ ਦੇ ਨ੍ਹਾਉਣ ਵਾਲੇ ਅਤੇ ਆਪਣੇ ਮਨ ਦੀ ਮਤਿ ਅਨੁਸਾਰ ਭੇਖੀ ਸਾਧ ਬਣ ਕੇ ਥਾਉਂ ਥਾਈਂ ਧਰਤੀ ਉਤੇ ਫਿਰਨ ਭ੍ਰਮਣ ਵਾਲੇ ਮਨਮਤੀਏ ਨੂੰ ਅਗੇ ਚਲ ਕੇ ਦਰਗਾਹ ਵਿਚਿ ਠਉਰ ਟਿਕਾਣੇ ਵਾਲੀ ਥਾਂ ਨਹੀਂ ਮਿਲਦੀ। ਊਹਾਂ, ਅਗਲੀ ਦਰਗਾਹ ਵਿਚਿ ਉਪਰ ਦਸੇ ਆਨਮਤ ਕਰਮ ਧਰਮ ਕਿਸੇ ਬਿਧੀ ਮਨ ਦੀ ਮਤੀ ਅਨੁਸਾਰ ਕੀਤੇ ਕੰਮ ਨਹੀਂ ਆਉਂਦੇ। ਅਜਿਹੇ ਮਨਮਤੀ ਕਰਮ ਕਰਨ ਵਾਲਾ ਇਸ ਦੁਨੀਆ ਦੇ ਲੋਕਾ ਨੂੰ ਪਤੀਆਉਣ ਖ਼ਾਤਰ ਹੀ ਇਹ ਕਰਮ ਕਰਦਾ ਹੈ ਜੋ ਅਗੇ ਜਾ ਕੇ ਕਬੂਲ ਨਹੀਂ ਪੈਂਦੇ, ਧਰੇ ਦੇ ਧਰੇ ਰਹਿ ਜਾਂਦੇ ਹਨ। ਚਾਹੇ ਚਾਰ ਬੇਦ ਮੂੰਹ-ਜ਼ਬਾਨੀ ਕੋਈ ਮਨ ਮਤੀਆ ਬੇਦਾਚਾਰੀ ਪੰਡਿਤ ਘੋਖ ਕੇ ਉਚਰਦਾ ਫਿਰੇ, ਚੋਹਾਂ ਬੇਦਾਂ ਦਾ ਬੇਤਾ ਵਿਖਿਆਤਾ ਗਿਆਤਾ ਹੋ ਕੇ ਭੀ ਉਸ ਨੂੰ ਸੱਚ-ਦਰਗਾਹੀ ਸੱਚ-ਦਰਬਾਰੀ ਮਹਲ ਨਹੀਂ ਪ੍ਰਾਪਤਿ ਹੁੰਦਾ। ਉਕਤ ਕਰਮ ਦੁਆਰਾ ਉਸ ਨੂੰ ਕੁਛ ਨਹੀਂ ਲਭਦਾ ਚਾਹੇ ਸਾਰੀਂ ਉਮਰ ਝਖਾਂ ਮਾਰਦਾ ਰਹੇ ਅਤੇ ਖਪਦਾ ਰਹੇ, ਅਤੇ ਸਾਰੀਆਂ ਟਕਰਾਂ ਮਾਰਦਾ ਰਹੇ। ਗੁਰੂ ਨਾਨਕ ਸਾਹਿਬ ਇਹ ਸਿੱਟੇ ਦੀ ਸਿਧਾਂਤਕ ਵੀਚਾਰ ਸੁਭਾਖਦੇ ਹਨ। ਜੋ ਇਸਨੂੰ ਕਮਾਵੇਗਾ, ਜੋ ਇਸ ਸਿਧਾਂਤ ਉਤੇ ਅਮਲ ਕਰੇਗਾ ਸੋਈ ਪਾਰਗ੍ਰਾਮੀ ਹੋਵੇਗਾ, ਇਸ ਭਵਜਲ ਤੋਂ ਪਾਰ ਪਵੇਗਾ। ਉਹ ਕਿਹੜੀ ਤਤ ਵੀਚਾਰ ਹੈ, ਇਹ—

*ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ ॥*

ਗੁਰੂ ਨੂੰ ਸੇਵਹੁ ਅਰਥਾਤ ਗੁਰੂ ਦੇ ਸੇਵਕ ਸਿਖ ਬਣੋ ਅਤੇ ਸੇਵਕ ਸਿਖ ਬਣ ਕੇ ਨਾਮ ਗੁਰ ਮੰਤਰ ਦੀ ਅਭਿਆਸ ਕਮਾਈ ਕਰੋ (ਨਾਮ ਧਿਆਣਾ) ਅਤੇ ਮਨ ਤੋਂ ਸਗਲ ਅਹੰਕਾਰ ਗੁਮਾਨ ਤਿਆਗ ਦੇਵੋ। ਮਨ-ਮਤੀਏ ਨ ਬਣੋ। ਮਨ ਦੀ ਮਤਿ ਹੀ ਹੰਕਾਰ ਦਾ ਮੂਲ ਹੈ।

ਮਨਮਤਿ ਦੇ ਕਰਮ ਕੀਤਿਆਂ ਅਹੰਕਾਰ ਹੀ ਵਧਦਾ ਹੈ, ਹੋਰ ਕੁਛ ਨਹੀਂ ਬਣਦਾ। ਯਥਾ ਗੁਰਵਾਕ-

*ਕਰਮ ਕਰਤ ਬਧੇ ਅਹੰਮੇਵ* ॥੩॥ (੪॥੬॥) (ਗਉੜੀ ਕਬੀਰ ਜੀ ਪੰਨਾ ੩੨੪)
*ਜੇਤੇ ਜਤਨ ਕਰਤ ਤੇ ਡੂਬੇ ਭਵ ਸਾਗਰੁ ਨਹੀ ਤਾਰਿਓ ਰੇ ॥*
*ਕਰਮ ਧਰਮ ਕਰਤੇ ਬਹੁ ਸੰਜਮ ਅਹੰਬੁਧਿ ਮਨੁ ਜਾਰਿਓ ਰੇ ॥੧॥*
*ਸਾਸ ਗ੍ਰਾਸ ਕੋ ਦਾਤੋ ਠਾਕੁਰੁ ਸੋ ਕਿਉ ਮਨਹੁ ਬਿਸਾਰਿਓ ਰੇ ॥*


www.AKJ.Org

*ਹੀਰਾ ਲਾਲੁ ਅਮੋਲੁ ਜਨਮੁ ਹੈ ਕਉਡੀ ਬਦਲੈ ਹਾਰਿਓ ਰੇ ॥੧॥ ਰਹਾਉ॥*
*ਤ੍ਰਿਸਨਾ ਤ੍ਰਿਖਾ ਭੂਖ ਭ੍ਰਮਿ ਲਾਗੀ ਹਿਰਦੈ ਨਾਹਿ ਬੀਚਾਰਿਓ ਰੇ॥*
*ਉਨਮਤ ਮਾਂਨ ਹਿਰਿਓ ਮਨ ਮਾਹੀ ਗੁਰ ਕਾ ਸਬਦੁ ਨ ਧਾਰਿਓ ਰੇ॥੨॥*
*ਸੁਆਦ ਲੁਭਤ ਇੰਦ੍ਰੀ ਰਸ ਪ੍ਰੇਰਿਓ ਮਦ ਰਸ ਲੈਤ ਬਿਕਾਰਿਓ ਰੇ॥*
*ਕਰਮ ਭਾਗ ਸੰਤਨ ਸੰਗਾਨੇ ਕਾਸਟ ਲੋਹ ਉਧਾਰਿਓ ਰੇ॥੩॥*
*ਧਾਵਤ ਜੋਨਿ ਜਨਮ ਭ੍ਰਮਿ ਥਾਕੇ ਅਬ ਦੁਖ ਕਰਿ ਹਮ ਹਾਰਿਓ ਰੇ॥*
*ਕਹਿ ਕਬੀਰ ਗੁਰ ਮਿਲਤ ਮਹਾ ਰਸੁ ਪ੍ਰੇਮ ਭਗਤਿ ਨਿਸਤਾਰਿਓ ਰੇ॥੪॥*
॥੧॥੫॥੫੬॥ (ਗਉੜੀ ਕਬੀਰ ਜੀ, ਪੰਨਾ ੩੩੫)

ਨਾਮ ਨੂੰ ਵਿਸਾਰ ਕੇ ਅਤੇ ਮਨ ਦੇ, ਅਹੰਮਤਿ ਦੇ ਅਧੀਨ ਹੋ ਕੇ ਜਿੰਨੇ ਭੀ ਮਨਮਤਿ ਕਰਮਾਂ ਦੇ ਕਰਨ ਦੇ ਯਤਨ ਕੀਤੇ ਜਾਂਦੇ ਹਨ, ਉਹ ਭਵ-ਸਾਗਰ ਵਿਚਿ ਡਬੋ ਲੈ ਜਾਣ ਵਾਲੇ ਹਨ, ਤਾਰਨ ਵਾਲੇ ਨਹੀਂ। ਸੰਸਾਰ ਸਾਗਰ ਤੋਂ ਪਾਰ ਉਤਾਰਨਹਾਰੇ ਨਹੀਂ, ਜਨਮ ਮਰਨ ਵਾਲੇ ਚੁਰਾਸੀ ਦੇ ਗੇੜ ਵਿਚਿ ਪਾਉਣ ਵਾਲੇ ਹਨ। ਬਹੁਤ ਕਰਮ ਧਰਮ ਸੰਜਮ ਆਨਮਤਾਂ ਦੇ ਆਪਣੀ ਮਨ ਦੀ ਮੱਤ ਨਾਲ ਕੀਤੇ ਸਗੋਂ ਹੋਰ ਅਹੰਬੁਧ ਵਧਾਉਂਦੇ ਹਨ, ਹੰਕਾਰ ਨੂੰ ਪੱਠੇ ਪਾਉਂਦੇ ਹਨ। ਅਹੰਕਾਰ ਵਾਲੀ ਬੁਧੀ ਅਤੇ ਅਹੰਬੁਧ-ਮਤੀ ਹੰਕਾਰ ਨਾਲ ਜਲੇ ਸੜੇ ਅਹੰਮਤੀ ਉਸ ਨੂੰ ਹੋਰ ਭੀ ਸਾੜ ਦਿੰਦੀ ਹੈ। ਹੰਕਾਰ ਕਰਕੇ ਜਲੇ ਸੜੇ ਮਨ ਵਾਲੇ ਅਹੰਮਤੀ ਉਸ ਪ੍ਰਤਿਪਾਲਨ-ਹਾਰੇ ਠਾਕੁਰ ਨੂੰ ਉਕਾ ਹੀ ਮਨੋਂ ਵਿਸਾਰ ਦਿੰਦੇ ਹਨ, ਜੋ ਸਭ ਦੇ ਸਾਸਾਂ ਗ੍ਰਾਸਾਂ ਦਾ ਦਾਤਾ ਹੈ। ਉਸਦੇ ਦਿਤੇ ਹੋਏ ਹੀ ਸਾਸ ਹਨ। ਉਸਦੇ ਦਿਤੇ ਹੋਏ ਹੀ ਅਹਾਰ ਭੋਜਨ ਗ੍ਰਾਸ ਹਨ। ਪ੍ਰੰਤੂ ਆਪਣੀ ਅਹੰਬੁਧ ਦੇ ਭੁਚਲਾਏ ਹੋਏ ਮਨ ਮਤਸਰੀ ਹੰਕਾਰੀ ਪੁਰਸ਼ ਇਸ ਦਾਤਿ ਦਾਤਾਰੀ ਬਾਤ ਨੂੰ ਸਮਝਦੇ ਹੀ ਨਹੀਂ। ਦਾਤੇ ਨੂੰ ਜਾਣਦੇ ਹੀ ਨਹੀਂ। ਉਸ ਨੂੰ ਸਿਮਰਨਾ ਤਾਂ ਕੀ ਸੀ, ਉਸ ਵਲ ਉਕੀ ਰੁਚੀ ਹੀ ਨਹੀਂ ਕਰਦੇ। ਜਿਸਦਾ ਨਤੀਜਾ ਇਹ ਹੈ ਕਿ ਆਪਣੇ ਮਾਨੁਖਾ ਜਨਮ ਨੂੰ, ਜੋ ਹੀਰੇ ਤੇ ਲਾਲਾਂ ਤੋਂ ਭੀ ਅਮੋਲਕ ਹੈ, ਐਵੇਂ ਭੰਗ ਦੇ ਭਾੜੇ ਕਉਡੀ ਬਦਲੇ ਹੀ ਗੰਵਾ ਦਿੰਦੇ ਹਨ। ਜਿਨ੍ਹਾਂ ਕੰਮਾਂ ਅਤੇ ਕਰਮਾਂ ਵਿਚਿ ਲਗ ਕੇ ਗੰਵਾਉਂਦੇ ਹਨ ਉਹ ਕਉਡੀ ਦੀ ਕੀਮਤ ਦੇ ਨਹੀਂ ਹੁੰਦੇ। ਧਨ ਜੋੜਨ ਦੀ ਤ੍ਰਿਸ਼ਨਾ, ਰਸਾਂ ਕਸਾਂ ਦੇ ਭੁੰਚਣ ਦੀ ਪਿਆਸ (ਤ੍ਰਿਖਾ) ਅਤੇ ਭੋਗਾਂ ਦੇ ਭੋਗਣ ਦੀ ਭੁਖ ਐਵੇਂ ਭ੍ਰਮਕੇ ਹੀ ਉਹਨਾਂ ਨੂੰ ਲਗੀ ਹੋਈ ਹੈ ਅਤੇ ਲਗੀ ਰਹਿੰਦੀ ਹੈ। ਇਸ ਗੱਲ ਨੂੰ ਉਹਨਾਂ ਨੇ ਕਦੇ ਹਿਰਦੇ ਵਿਚਿ ਗਹੁ ਕਰਕੇ ਵੀਚਾਰਿਆ ਹੀ ਨਹੀਂ। ਐਵੇਂ ਪੜਛਾਵੇਂ ਪਿੱਛੇ ਹੀ ਭਰਮ ਦੇ ਮਾਰੇ ਭਜੇ ਫਿਰਦੇ ਹਨ। ਹਿਰਦੇ ਅੰਦਰ ਜੋ ਤ੍ਰਿਸ਼ਨਾ ਤ੍ਰਿਖਾ ਦੀ ਖ਼ੋਹ ਲਗੀ ਹੋਈ ਹੁੰਦੀ ਹੈ, ਉਹ ਖੋਹ ਮਾਇਕ ਪਦਾਰਥਾਂ ਨੂੰ ਭੁੰਚਿਆਂ ਛਿਨ ਮਾਤਰ ਲਈ, ਛਿਨ-ਭੰਗਰੇ ਚਿਰ ਲਈ ਤਾਂ ਮਿਟ ਜਾਂਦੀ ਹੈ, ਫੇਰ ਓਵੇਂ ਕਿਵੇਂ ਹੀ ਉਹੀ ਖੋਹ ਪੈਣ ਲਗ ਜਾਂਦੀ ਹੈ। ਸਾਰੀ ਉਮਰ ਭੋਜਨ ਭੁੰਚਿਆਂ ਅਤੇ ਰਸਾਂ ਕਸਾਂ ਨੂੰ ਖਾਂਦਿਆਂ ਪੀਂਦਿਆਂ ਅਤੇ ਭੋਗਾਂ ਨੂੰ ਭੋਗਦਿਆਂ ਵਿਹਾ ਗਈ, ਪਰ ਇਹ ਖੋਹ ਨਾ ਮਿਟੀ। ਪਰ ਕਦੇ ਨਾ ਵੀਚਾਰਿਆ ਕਿ ਇਹ ਖੋਹ ਕਿਉਂ ਨਹੀਂ ਮਿਟਦੀ। ਜੇ ਮਿਟਦੀ ਹੈ ਤਾਂ ਜੋ ਜਤਨ ਇਸ ਖੋਹ ਦੇ ਮਿਟਾਉਣ ਲਈ ਕੀਤੇ ਜਾਂਦੇ ਹਨ, ਸਭ ਨਿਸਫਲ ਹਨ ਅਤੇ ਉਹ ਪਦਾਰਥ ਭੀ ਅਨਿਤ ਹਨ। ਹਕੀਕਤ ਵਿਚਿ ਇਹ ਕੁਦਰਤੀ ਖੋਹ ਨਾਮ ਦੀ ਹੈ। ਨਾਮ ਨੂੰ ਤਾਂ ਜੁਟਦੇ ਨਹੀਂ ਅਤੇ ਭੁੰਚਦੇ ਨਹੀਂ। ਹੋਰ ਹੋਰ ਅਫਰੂ ਦਫਰੂ ਪਦਾਰਥਾਂ ਦੇ ਭੋਗਣ ਭੁੰਚਣ ਹਿਤ ਖੀਨ ਖਰਾਬ ਹੁੰਦ ਫਿਰਦੇ ਹਨ। ਅਤੇ ਉਨ੍ਹਾਂ ਪਦਾਰਥਾਂ ਨੂੰ ਇਕੱਠਾ ਕਰਨ ਦੇ ਯਤਨ ਵਿਚਿ ਨਿਹਫਲ ਕਰਮ ਕਰਦੇ ਹਨ ਅਤੇ ਕਰਿ ਕਰਿ ਖੱਜਲ ਹੁੰਦੇ ਹਨ। ਉਹਨਾਂ ਦੀ ਮਨ ਦੀ ਮਤ ਨੇ ਉਹਨਾਂ ਨੂੰ ਇਹੀ ਮਤਸਰਾ ਛਡਿਆ ਹੈ ਕਿ ਮਾਨੁਖਾ ਜਨਮ ਇਹਨਾਂ ਅਨਿਸਥਿਰ ਪਦਾਰਥਾਂ ਲਈ ਹੀ ਮਿਲਿਆ ਹੈ। ਉਹਨਾਂ ਦੀ ਅਲਪੱਗ ਮਤਿ ਬੁਧੀ ਦ੍ਰਿਸ਼ਟਮਾਨ ਪਦਾਰਥਾਂ ਨੂੰ ਹੀ ਅਸਥਿਰ ਸਮਝਦੀ ਹੈ ਅਤੇ ਸੱਚ ਕਰ ਕੇ ਜਾਣਦੀ ਹੈ, ਅਦ੍ਰਿਸ਼ਟ ਪਦਾਰਥ ਵਲ ਉਹਨਾਂ ਦੀ ਕਿਵੇਂ ਰੁਚੀ ਆਵੇ। ਮਨਮਤ ਨੂੰ ਛੱਡਣ ਤੇ ਗੁਰਮਤਿ ਗ੍ਰਹਿਣ ਕਰਨ ਤਾਂ ਸੁਮੱਤੀ ਆਵੇ। ਅਦ੍ਰਿਸ਼ਟ ਪਦਾਰਥ ਨਾਮ ਨੂੰ ਗ੍ਰਹਿਣ ਕਰਨ ਲਈ ਉਹਨਾਂ ਦੀ ਅਹੰਬੁਧਿ ਅਤੇ ਮਨ ਦੀ ਮਤਿ ਏਸ ਪਦਾਰਥ ਦੇ ਪਾਸੇ ਵਲ ਪੈਂਦੀ ਹੀ ਨਹੀਂ, ਮਾਨ ਹੰਕਾਰ ਦੇ ਪਾਗਲਪੁਣੇ ਵਿਚਿ ਗੁਮਰਾਹ ਹੋਇਆਂ


www.AKJ.Org

ਨੇ ਗੁਰਾਂ ਦੇ ਉਪਦੇਸ਼ ਨੂੰ, ਗੁਰ ਦੀਖਿਆ ਨੂੰ ਕਦੇ ਹਿਰਦੇ ਵਿਚਿ ਨਹੀਂ ਧਾਰਿਆ। ਸੁਆਦਾਂ ਵਿਚਿ ਲੁਭਾਇਮਾਨ ਹੋਏ ਜੀਵਾਂ ਨੂੰ ਇੰਦਰੀ ਨੇ ਵਿਸ਼ੇ-ਰਸਾਂ ਵਲ ਪ੍ਰੇਰ ਕੇ ਖੱਚਤ ਕਰਿ ਛਡਿਆ ਹੈ। ਇਸ ਕਰਕੇ ਉਹ ਵਿਕਾਰਾਂ ਦੇ ਮਦ ਵਿਚਿ ਮਤੇ ਹੋਏ ਹਰ ਦੰਮ ਮਦਹੋਸ਼ ਹੀ ਰਹਿੰਦੇ ਹਨ। ਉਹਨਾਂ ਨੂੰ ਪਰਮਾਰਥ ਦੇ ਪਾਸੇ ਵਲ ਪਰਤਣ ਦੀ ਹੋਸ਼ ਹੀ ਨਹੀਂ ਆਉਂਦੀ। ਜਿਨ੍ਹਾਂ ਦੇ ਭਾਗਾਂ ਵਿਚਿ ਸ੍ਰੇਸ਼ਟ ਕਰਮ ਲਿਖੇ ਹਨ ਉਹ ਖੋਟੇ ਕਰਮਾਂ ਤੋਂ ਹਟ ਕੇ ਗੁਰੂ ਘਰ ਦੇ ਸੰਤ ਜਨਾਂ ਦੀ ਸੰਗਤਿ ਵਿਚਿ ਆਉਂਦੇ ਹਨ। ਅਤੇ ਗੁਰਮੁਖਾਂ ਸੰਤ ਜਨਾਂ ਦੀ ਸੰਗਤਿ ਕਰ ਕੇ ਸੁਖੈਨ ਹੀ ਐਉਂ ਤਰ ਜਾਂਦੇ ਹਨ ਜਿਵੇਂ ਕਾਠ ਨਾਲ ਲੋਹਾ ਤਰ ਜਾਂਦਾ ਹੈ। ਜੋਨੀਆਂ ਵਿਚਿ ਧਾਵੰਦਿਆਂ ਅਤੇ ਜਨਮਾਂ ਵਿਚਿ ਭਰਮਦਿਆਂ ਭਰਮਦਿਆਂ ਥਕ ਕੇ ਹਾਰਿਆਂ ਅਤੇ ਦੁਖ ਪਾਉਂਦਿਆਂ ਜੇ ਭਾਗਾਂ ਕਰਕੇ ਸੱਚੇ ਸਤਿਗੁਰੂ ਦੀ ਸ਼ਰਣ ਅਤੇ ਸੰਗਤ ਪ੍ਰਾਪਤਿ ਹੋ ਜਾਵੇ ਤਾਂ ਸਤਿਗੁਰੂ ਨੂੰ ਭੇਟਣ ਕਰਕੇ ਅਤੇ ਗੁਰੂ ਘਰ ਦੀ ਸੰਗਤ ਨੂੰ ਮਿਲਣ ਕਰਕੇ ਉਸਦਾ ਨਿਸਤਾਰਾ ਹੁੰਦਾ ਹੈ, ਨਹੀਂ ਤਾਂ ਮਤਸਰੀ ਕਰਮਾਂ ਦੇ ਕਰਨ ਕਰਿ ਚੁਰਾਸੀ ਦੇ ਗੇੜ ਵਿਚਿ ਕੋਹਲੂ ਦੇ ਬਲਦ ਵਾਂਗੂੰ ਭਉਂਦਾ ਫਿਰਦਾ ਰਹਿੰਦਾ ਹੈ।

(ਚਲਦਾ)

## ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ

(ਗੁਰਿੰਦਰ ਸਿੰਘ)

ਕੁਝ ਸਾਲ ਹੋਏ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਬੰਗਲੌਰ ਵਿਖੇ ਇਕ ਰੋਜ਼ਾ ਗੁਰਮਤਿ ਕੈਂਪ ਆਯੋਜਿਤ ਕੀਤਾ ਗਿਆ । ਸਟੱਡੀ ਸਰਕਲ ਦੇ ਵੀਰਾ ਨੇ ਬੱਚਿਆਂ ਤੋਂ ਪਹਿਲਾ ਪ੍ਰਸ਼ਨ ਪੁੱਛਿਆ ਕਿ ਗੁਰੂ ਨਾਨਕ ਦੇਵ ਜੀ ਦਾ ਗੁਰੂ ਕੌਣ ਸੀ। ਤਾਂ ਇਕ ਭੈਣ ਜਿਸ ਦੀ ਉਮਰ ੨੦-੨੨ ਸਾਲ ਦੀ ਝੱਟ ਬੋਲ ਉੱਠੀ "ਬਾਬਾ ਫਰੀਦ ਜੀ"। ਜਦ ਇਸ ਉੱਤਰ ਨੂੰ ਗਲਤ ਦੱਸਿਆ ਗਿਆ ਤਾਂ ਦੂਜੀ ਭੈਣ ਜੋ ਇਕ ਚੰਗੇ ਗੁਰਸਿੱਖ ਘਰਾਣੇ ਵਿੱਚੋਂ ਸੀ ਅਤੇ ਜਿਸ ਦੀ ਉਮਰ ਵੀ ਤਕਰੀਬਨ ੨੦-੨੨ ਸਾਲ ਸੀ, ਬੋਲੀ "ਬਾਬਾ ਬੁੱਢਾ ਜੀ"। ਮੈਂ ਇਹ ਸਭ ਸੁਣ ਕੇ ਅਤੇ ਦੇਖ ਕੇ ਬੜਾ ਹੈਰਾਨ ਅਤੇ ਦੁਖੀ ਹੋਇਆ ਕਿ ਸਿੱਖ ਨੌਜਵਾਨ ਪੀੜ੍ਹੀ ਧਰਮ ਤੋਂ ਇਤਨੀ ਬੇਖ਼ਬਰ ਹੈ ਕਿ ਉਹਨਾਂ ਨੂੰ ਧਰਮ ਦੀ ਮੁੱਢਲੀ ਜਾਣਕਾਰੀ ਵੀ ਨਹੀਂ। ਗੁਰੂ ਨਾਨਕ ਦੇਵ ਜੀ ਸਪਸ਼ੱਟ ਕਹਿ ਰਹੇ ਹਨ ਕਿ ਸ਼ਬਦ ਹੀ ਉਹਨਾਂ ਦਾ ਗੁਰੂ ਹੈ। ਬਾਬਾ ਬੁੱਢਾ ਜੀ ਜੈਸੇ ਗੁਰੂ ਨਾਨਕ ਦੇ ਸਿੱਖ ਨੂੰ ਉਹਨਾਂ ਨੇ ਗੁਰੂ ਨਾਨਕ ਦਾ ਗੁਰੂ ਬਣਾ ਦਿੱਤਾ। ਜੇ ਇਤਨੀ ਉਮਰ ਹੋਣ ਦੇ ਬਾਵਜੂਦ ਵੀ ਅਸੀਂ ਆਪਣਾ ਇਤਿਹਾਸ ਨਹੀਂ ਪੜ੍ਹਿਆ ਅਤੇ ਵਿਚਾਰਿਆ ਫਿਰ ਇਹ ਕਿਥੋਂ ਆਸ ਰਖੀ ਜਾ ਸਕਦੀ ਹੈ ਕਿ ਛੋਟੇ-ਛੋਟੇ ਸਾਹਿਬਜ਼ਾਦਿਆਂ ਜੈਸੇ ਮਰਜੀਵੜੇ ਕੌਮ ਵਿੱਚ ਪੈਦਾ ਹੁੰਦੇ ਰਹਿਣਗੇ। ਕੱਲ ਨੂੰ ਕੌਣ ਪ੍ਰੋ: ਸਾਹਿਬ ਸਿੰਘ ਬਣੇਗਾ। ਕੌਣ ਸਰਦਾਰ ਕਰਮ ਸਿੰਘ ਹਿਸਟੋਰੀਅਨ, ਭਾਈ ਕਾਨ੍ਹ ਸਿੰਘ ਨਾਭਾ ਦੀ ਜਗ੍ਹਾ ਲਏਗਾ। ਇਸ ਸਭ ਦੇ ਜ਼ਿੰਮੇਂਵਾਰ, ਬੱਚਿਆਂ ਦੇ ਮਾਤਾ-ਪਿਤਾ ਹਨ ਜਿਹੜੇ ਆਪਣੇ ਬੱਚਿਆਂ ਨੂੰ ਹਫ਼ਤਾਵਾਰੀ ਸਿਨੇਮਾ ਦੇਖਣ ਵਾਸਤੇ ਤਾਂ ਪੈਸੇ ਦੇ ਸਕਦੇ ਹਨ, ਫ਼ਿਲਮੀ ਮੈਗਜ਼ੀਨ ਲੈ ਕੇ ਦੇ ਸਕਦੇ ਹਨ ਪਰ ਉਹਨਾਂ ਨੂੰ ਆਪਣੇ ਅਮੀਰ ਵਿਰਸੇ ਦੇ ਨਾਲ ਜੋੜਨ ਵਾਸਤੇ ਗੁਰਮਤਿ ਲਿਟਰੇਚਰ ਘਰ ਰੱਖਣ ਨੂੰ ਤਿਆਰ ਨਹੀਂ ਜਾਂ ਇਕ ਗੁਰਮਤਿ ਮੈਗਜ਼ੀਨ ਵੀ ਘਰ ਲਗਵਾਉਣ ਨੂੰ ਤਿਆਰ ਨਹੀਂ ਕਿਉਂਕਿ (ਉਹਨਾ ਦਾ ਕਹਿਣਾ ਹੈ) ਬੱਚਿਆਂ ਕੋਲ ਸਮਾਂ ਨਹੀਂ ਹੈ, ਪੜ੍ਹਾਈ ਦਾ ਬਹੁਤ ਜ਼ੋਰ ਹੈ। ਪਰ ਐਸੇ ਬੱਚੇ ਬੱਚੀਆਂ ਜਦ ਬੁਰੀ ਸੰਗਤ ਦੇ ਅਸਰ ਹੇਠ ਅਨਮਤੀਆਂ ਨਾਲ ਵਿਆਹ ਕਰਵਾ ਲੈਂਦੇ ਹਨ ਅਤੇ ਮਾਤਾ-ਪਿਤਾ ਨਾਲੋਂ ਵੀ ਸੰਬੰਧ ਤੋੜ ਲੈਂਦੇ ਹਨ ਤਦ ਐਸੇ ਮਾਤਾ-ਪਿਤਾ ਹੱਥ ਹੀ ਮਲਦੇ ਰਹਿ ਜਾਂਦੇ ਹਨ। ਉਸ ਸਮੇਂ ਉਨ੍ਹਾਂ ਤੇ ਇਹ ਮੁਹਾਵਰਾ ਬਿਲਕੁਲ ਫਿਟ ਬੈਠਦਾ ਹੈ-

ਅਬ ਪਛਤਾਇ ਕਿਆ ਹੋਤ, ਜਬ ਚਿੜੀਆ ਚੁਗ ਗਈ ਖੇਤ।

ਗੁਰਬਾਣੀ ਫੁਰਮਾਣ ਹੈ "ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ" (ਰਾਮਕਲੀ ਵਾਰ, ਮਹਲਾ ੩, ਪੰਨਾ ੯੫੧)

ਜੇ ਅਸੀਂ ਆਪਣੇ ਬੱਚਿਆਂ ਨੂੰ ਦੁਨਿਆਵੀ ਵਿੱਦਿਆ ਦੇ ਨਾਲ ਨਾਲ ਧਾਰਮਿਕ ਤਾਲੀਮ ਵੀ ਦਿਵਾਈਏ, ਸਿੱਖ ਇਤਿਹਾਸ ਪੜ੍ਹਾਈਏ ਤਾਂ ਸਾਡੇ ਬੱਚੇ ਜ਼ਰੂਰ ਪੁੱਤਰਾਂ ਤੋਂ ਸਪੁੱਤਰ ਬਣ ਜਾਣਗੇ। ਫਿਰ ਨਾ ਤਾਂ ਉਹ ਆਪਣੇ ਮਾਤਾ-ਪਿਤਾ ਦੀ ਹੁਕਮ ਅਦੂਲੀ ਕਰਨਗੇ। ਨਾ ਹੀ ਪਤਿਤਪੁਣੇ ਦੀ ਲਹਿਰ ਵਿੱਚ ਵਾਧਾ ਕਰਨਗੇ। ਇਹ ਬੱਚੇ ਹੀ ਕਿਸੇ ਸਮੇਂ ਕੌਮ ਦਾ ਇਤਿਹਾਸ ਰਚਣਗੇ।



www.AKJ.Org

## ਰਿਸ਼ਤੇ ਨਾਤੇ

*ਨੋਟ:- 1. ਕੇਵਲ ਕੇਸਕੀ ਨੂੰ ਪੰਜਵਾਂ ਕਕਾਰ ਮੰਨ ਕੇ ਧਾਰਨ ਕਰਨ ਵਾਲੇ ਅਤੇ ਸ਼ਾਕਾਹਾਰੀ ਬੱਚਿਆਂ ਵਾਸਤੇ ਹੀ ਚਿੱਠੀ ਪੱਤਰ ਕਰੋ ਜੀ। ੨. ਇਸ ਕਾਲਮ ਵਿਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਪੂਰਾ ਵੇਰਵਾ ਸਾਫ਼ ਸਪਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। 3. ਕਿਸੇ ਵੀ ਛਪੇ ਇਸ਼ਤਿਹਾਰ ਦੇ ਜਵਾਬੀ ਪੱਤਰ ਨਾਲ ਬਿਨਾਂ ਕਿਸੇ ਐਡਰੈਸ ਲਿਖੇ ਦੋ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫ਼ਾਫ਼ਾ ਜ਼ਰੂਰ ਭੇਜੋ ਜੀ।*

LD ੨73- ੨4 ਸਾਲਾ, ਕੱਦ 5'1'',+੨ ਘਰੇਲੂ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD ੨74- ੨8 ਸਾਲਾ ਕੱਦ 5'7'', B.Sc., B.Ed. ਅਤੇ M.A. (pbi) ਪਾਸ ਆਪਣੀ ਫੈਕਟਰੀ ਚਲਾਉਂਦੇ 15000/- ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD ੨75- 30 ਸਾਲਾ ਕੱਦ 5'6'', ਆਈ.ਟੀ.ਆਈ ਦਾ ਦੋ ਸਾਲਾ ਡਿਪਲੋਮਾ ਪਾਸ ਆਪਣਾ ਕਾਰੋਬਾਰ ਕਰਦੇ 4500/- ਮਾਸਿਕ ਆਮਦਨ ਵਾਲੇ ਸਿੰਘ ਲਈ ਲੋੜਵੰਦ ਬੀਬੀ ਦੀ ਲੋੜ ਹੈ। ਵਿਆਹ ਸਾਦਾ ਬਗੈਰ ਕਿਸੇ ਲੈਣ ਦੇਣ ਦੇ।

LD ੨76- ੨7 ਸਾਲਾ, ਕੱਦ 5'5'', M.Sc. (Botany) ; B.ed. ਪਾਸ, ੨ ਸਾਲ ਤੋਂ ਪਬਲਿਕ ਸਕੂਲ ਵਿਚ ਸਾਇੰਸ ਲੈਕਚਰਾਰ ਦੀ ਨੌਕਰੀ ਕਰ ਰਹੀ ਗੁਰਮੁਖ ਬੀਬੀ ਲਈ ਪੜ੍ਹੇ ਲਿਖੇ ਯੋਗ ਵਰ ਦੀ ਲੋੜ ਹੈ।

LD ੨77- 45 ਸਾਲਾ, ਕੱਦ 5'7'', ਇੰਜੀਨੀਅਰ 4000/- ਮਾਸਿਕ ਆਮਦਨ ਵਾਲੇ ਸਿੰਘ ਲਈ ਗੁਰਮੁਖ ਜੀਵਨ ਸਾਥਨ ਦੀ ਲੋੜ ਹੈ। ਬਿਨਾਂ ਬੱਚੇ ਤੋਂ ਵਿਧਵਾ ਵੀ ਪ੍ਰਵਾਨ।

LD 278- ੨3 ਸਾਲਾ ਕੱਦ 5'੨'' ਬੀ. ਏ. ਪਾਸ ਘਰੇਲੂ ਬੀਬੀ ਲਈ ਯੋਗ ਵਰ ਦੀ ਲੋੜ ਹੈ।

## ਫ੍ਰੀ ਲਿਟ੍ਰੇਚਰ ਫੰਡ ਲਈ ਪੂੰਜੀ ਸਹਾਇਤਾ

| | | | |
|---|---|---|---|
| 1. ਸ: ਭਗਵੰਤ ਸਿੰਘ - | ੧੦੧/- | 5. ਗੁਪਤ- | ੫੦/- |
| ੨. ਸ: ਗੁਰਦਿਆਲ ਸਿੰਘ- | ੧੦੦/- | 6. ਸ: ਹਰਭਜਨ ਸਿੰਘ- | ੩੦੦/- |
| 3. ਗੁਪਤ- | ੧੦੦/- | 7. ਗੁਪਤ- | ੧੦੦/- |
| 4. ਸ: ਮਨਧੀਰ ਸਿੰਘ- | ੫੦/- | 8. ਵਾਰੰਟ ਅਫ਼ਸਰ ਰੇਸ਼ਮ ਸਿੰਘ- | ੧੦੦/- |

### (ਯੂ.ਕੇ. ਦੇ ਬਾਕੀ ਪ੍ਰੋਗਰਾਮ)

5. ੨੭ ਮਾਰਚ ਸ਼ਾਮ 6.30 ਤੋਂ 9.30 ਕੀਰਤਨ Gurd. Guru Arjan dev, STANHOPE ST. DERBY ਵਿਖੇ।
6. 30 ਮਾਰਚ ਸ਼ਾਮ 6 ਤੋਂ 9 GURU NANAK GURD. SEDGELEY ST. WOLVER HEMPTON ਵਿਖੇ।
7. 31 ਮਾਰਚ ਸ਼ਾਮ 6 ਤੋਂ 9 Gurd. Guru Teg Bahadur, East Park Rd. leicester ਵਿਖੇ।
8. 1 ਅਪ੍ਰੈਲ ਸ਼ਾਮ 6 ਤੋਂ 9 Guru Nanak Gurd. Edward St. West BROMWICH ਵਿਖੇ।
9. ੨ ਅਪ੍ਰੈਲ ਸ਼ਾਮ 6 ਤੋਂ 9 Guru Nanak Gurd. WALSALL Rd. WILLENGALL ਵਿਖੇ।
10. 3 ਅਪ੍ਰੈਲ ਸਵੇਰੇ 5.30 ਤੋਂ 9ਵਜੇ ਤੱਕ ਸ੍ਰੀ ਆਸਾ ਦੀ ਵਾਰ Gurd. Nanaksar, PLECK, WALSALL ਵਿਖੇ।

### ਇੰਟਰਨੈਸ਼ਨਲ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ

11. 3 ਅਪ੍ਰੈਲ ਸ਼ਾਮ 7 ਵਜੇ ਰੈਣਿ ਸਬਾਈ ਕੀਰਤਨ ਅਤੇ 4.30 ਵਜੇ ਅੰਮ੍ਰਿਤ ਸੰਚਾਰ ਆਰੰਭ Guru Nanak Gurd. HIGH STREET, SMETHWICK, BIRMINGHIM ਵਿਖੇ।

ਅੰਮ੍ਰਿਤ ਸੰਚਾਰ ਲਈ ਆਪਣੇ ਨਾਮ ਭਾਈ ਸ਼ਿੰਗਾਰਾ ਸਿੰਘ ਟੈਲੀਫੋਨ 0121 5151722 ਨੂੰ ਲਿਖਾਓ ਜੀ। ਵੱਖ ਵੱਖ ਸ਼ਹਿਰਾਂ ਤੋਂ ਰੈਣਿ ਸਬਾਈ ਕ੍ਰੀਰਤਨ ਸਮਾਗਮ ਵਾਸਤੇ ਕੋਚਾਂ ਜਾਂ ਸਮਾਗਮ ਸਬੰਧੀ ਹੋਰ ਜਾਣਕਾਰੀ ਲਈ ਭਾਈ ਹਰਦੀਪ ਸਿੰਘ ਜੀ ਟੈਲੀਫੋਨ 01753 530624 , ਉਂਕਾਰ ਸਿੰਘ 01753 572737 ਅਮਨਦੀਪ ਸਿੰਘ 0121 5586473 ਨਾਲ ਸੰਪਰਕ ਕਰੋ ਜੀ।

www.AKJ.Org

**ਪਿੰਡ ਮੱਲ੍ਹੀਆ (ਨੇੜੇ ਜੰਡਿਆਲਾ ਗੁਰੂ) ਵਿਖੇ ਸ੍ਰੀ ਅਖੰਡ ਪਾਠ ਸਾਹਿਬ ਤੇ ਕੀਰਤਨ**

ਭਾਈ ਅਵਤਾਰ ਸਿੰਘ ਜੀ ਦੇ ਗ੍ਰਹਿ ਵਿਖੇ 14 ਮਾਰਚ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ

**ਬਾਬਾ ਬਕਾਲਾ ਵਿਖੇ ਸਾਲਾਨਾ ਅਖੰਡ ਪਾਠ ਸਾਹਿਬ ਤੇ ਰੈਣਿ ਸਬਾਈ ਕੀਰਤਨ ਸਮਾਗਮ**

ਗੁ: ਮਾਤਾ ਗੰਗਾ ਜੀ ਵਿਖੇ 20 ਮਾਰਚ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ। ਰਾਤ ਨੂੰ ਰੈਣਿ ਸਬਾਈ ਕੀਰਤਨ।

**ਗੁ: ਸ੍ਰੀ ਹਰਿਗੋਬਿੰਦ ਗੜ੍ਹ ਸਾਹਿਬ ਮੁਰਿੰਡਾ ਰੋਡ ਕੁਰਾਲੀ ਵਿਖੇ ਅਖੰਡ ਕੀਰਤਨ ਸਮਾਗਮ**

20 ਮਾਰਚ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ। ਰਾਤ ਨੂੰ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ

ਗੁ: ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਰੈਣਿ ਸਬਾਈ ਕੀਰਤਨ 21 ਮਾਰਚ ਰਾਤ ਨੂੰ ਪੰਚਮੀ ਦੇ ਮਾਸਿਕ ਜੋੜ ਮੇਲੇ ਤੇ 21 ਮਾਰਚ ਐਤਵਾਰ ਰਾਤ ਨੂੰ ਰੈਣਿ ਸਬਾਈ ਕੀਰਤਨ ਸਜਣਗੇ।

**ਗੁ: ਬਿਬੇਕਸਰ ਸਾਹਿਬ (ਅੰਮ੍ਰਿਤਸਰ) ਵਿਖੇ ਮਾਸਿਕ ਰੈਣਿ ਸਬਾਈ ਕੀਰਤਨ**

27 ਮਾਰਚ ਸ਼ਾਮ ਨੂੰ ਸੋਦਰ ਉਪ੍ਰੰਤ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਆਰੰਭ ਹੋਣਗੇ।

**ਗੁ: ਮੰਜੀ ਸਾਹਿਬ (ਪਾ: ਦਸਵੀਂ) ਆਲਮਗੀਰ (ਨੇੜੇ ਲੁਧਿਆਣਾ) ਵਿਖੇ ਰੈਣਿ ਸਬਾਈ ਕੀਰਤਨ**

300 ਸਾਲਾ ਖਾਲਸਾ ਸਾਜਨਾ ਦਿਵਸ ਤੇ ਗੁ: ਮੰਜੀ ਸਾਹਿਬ ਆਲਮਗੀਰ ਵਿਖੇ 27 ਮਾਰਚ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ। ਗੁ: ਮੰਜੀ ਸਾਹਿਬ ਆਲਮਗੀਰ ਲੁਧਿਆਣੇ ਕੈਂਪਪਾ ਕੋਲਾ ਚੌਕ ਤੋਂ ਮਲੇਰਕੋਟਲਾ ਰੋਡ ਤੇ ਲਗਭਗ 12 ਕਿ:ਮੀ: ਦੀ ਵਿੱਥ ਦੇ ਹੈ। ਮਲੇਰਕੋਟਲਾ ਜਾਣ ਵਾਲੀ ਹਰੇਕ ਬੱਸ ਆਲਮਗੀਰ ਹੋ ਕੇ ਜਾਂਦੀ ਹੈ। ਗੁ: ਸਿੰਘ ਸਭਾ ਮਾਡਲ ਟਾਊਨ ਤੋਂ ਮਿੰਨੀ ਬੱਸ ਸੰਗਤਾਂ ਨੂੰ ਆਲਮਗੀਰ ਲਿਜਾਣ ਦੀ ਚੱਲੇਗੀ। ਪੁਛਗਿੱਛ ਟੈਲੀਫੋਨ 428194, 430865

**ਵੈਰੋਵਾਲ (ਨੇੜੇ ਖਡੂਰ ਸਾਹਿਬ) ਅੰਮ੍ਰਿਤਸਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਤੇ ਕੀਰਤਨ**

ਸ਼ਹੀਦ ਭਾਈ ਸੁਲੱਖਣ ਸਿੰਘ ਜੀ ਦੀ ਯਾਦ ਵਿਚ 29 ਮਾਰਚ ਸੋਮਵਾਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ। ਆਇ ਦੀਦਾਰ ਬਖਸ਼ੋ ਜੀ।

**ਬੱਸੀ ਪਠਾਣਾਂ ਵਿਖੇ ਦਿਵਸ ਸੁਹੇਲਾ ਤੇ ਰੈਣਿ ਸਬਾਈ ਕੀਰਤਨ**

ਗੁ: ਗਿਰਜਾ ਮੁਹੱਲਾ ਬੱਸੀ ਪਠਾਣਾ ਵਿਖੇ 3 ਅਪ੍ਰੈਲ ਸਵੇਰੇ ਦਿਵਸ ਸੁਹੇਲਾ ਕੀਰਤਨ ਤੇ ਰਾਤ ਨੂੰ ਰੈਣਿ ਸਬਾਈ ਕੀਰਤਨ

**ਨਵਾਂ ਪਿੰਡ (ਬਟਾਲਾ) ਵਿਖੇ ਸ੍ਰੀ ਅਖੰਡ ਪਾਠ ਸਾਹਿਬ ਤੇ ਕੀਰਤਨ**

ਭਾਈ ਸੋਹਣ ਸਿੰਘ ਜੀ ਦੇ ਗ੍ਰਹਿ ਵਿਖੇ 4 ਅਪ੍ਰੈਲ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ

ਮਾਸਿਕ ਰੈਣਿ ਸਬਾਈ ਕੀਰਤਨ ਗੁ: ਫਲਾਹੀ ਸਾਹਿਬ (ਪਾ: ਦਸਵੀਂ) ਪਿੰਡ ਦੁਲੇਅ ਲੁਧਿਆਣਾ ਵਿਖੇ 3 ਅਪ੍ਰੈਲ ਰਾਤ ਨੂੰ

**ਭਾਈ ਸੁਰਤ ਸਿੰਘ ਜੀ (ਪੂਰਨ ਜੀ) ਦੇ ਬੱਚਿਆਂ ਦੀ ਸਲਾਨਾ ਯਾਦ ਵਿਚ ਕੀਰਤਨ ਸਮਾਗਮ**

ਗੁ: ਅਜੀਤ ਨਗਰ (ਅੰਮ੍ਰਿਤਸਰ) ਵਿਖੇ 4 ਅਪ੍ਰੈਲ ਸਵੇਰੇ 6 ਵਜੇ ਤੋਂ ਦੁਪਹਿਰ ਤੱਕ ਕੀਰਤਨ ਅਖਾੜੇ ਸਜਣਗੇ।

ਮਲੋਆ (ਨੇੜੇ ਚੰਡੀਗੜ੍ਹ) ਵਿਖੇ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ 10 ਅਪ੍ਰੈਲ ਰਾਤ ਨੂੰ।

**ਯੂ.ਕੇ. ਵਿਖੇ ਅਖੰਡ ਕੀਰਤਨ ਸਮਾਗਮ**

300 ਸਾਲਾ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ 27 ਮਾਰਚ ਤੋਂ 4 ਅਪ੍ਰੈਲ ਤੱਕ ਹੇਠ ਲਿਖੇ ਅਨੁਸਾਰ ਕੀਰਤਨ ਸਮਾਗਮ ਰਚਾਏ ਜਾ ਰਹੇ ਹਨ। ਸਮੇਂ ਸਿਰ ਪਹੁੰਚ ਕੇ ਲਾਹੇ ਪ੍ਰਾਪਤ ਕਰੋ ਜੀ :-

1. 27 ਮਾਰਚ ਸਵੇਰੇ ਕੀਰਤਨ ਸ੍ਰੀ ਆਸਾ ਦੀ ਵਾਰ ਗ੍ਰਹਿ ਭਾਈ ਪ੍ਰਿਥਵੀਪਾਲ ਸਿੰਘ, 320, Heston Rd; Heston Southall ਵਿਖੇ, Tel. 0181 2302777
2. 27 ਮਾਰਚ ਸ਼ਾਮ 7 ਤੋਂ 12 ਕੀਰਤਨ Gurd, Singh Sabha, Park Ave, Southall ਵਿਖੇ
3. 28 ਮਾਰਚ ਸਵੇਰੇ 11.30 ਤੋਂ 2.30 ਵਜੇ ਤੱਕ GURD. SINGH SABHA, SHEEHY WAY, SLOUGH ਵਿਖੇ।
4. 29 ਮਾਰਚ ਤੋਂ 2 ਅਪ੍ਰੈਲ ਤੱਕ ਸਵੇਰੇ ਨਾਮ ਸਿਮਰਨ ਤੇ ਨਿਤਨੇਮ ਉਪ੍ਰੰਤ 5.30 ਤੋਂ 7.30 ਸ੍ਰੀ ਆਸਾ ਦੀ ਵਾਰ Gurd.Singh Sabha, Cross Rd. COVENTRY ਵਿਖੇ।

(ਬਾਕੀ ਦੇ ਪ੍ਰੋਗਰਾਮ ਅੰਦਰਲੇ ਪੰਨੇ ਤੇ...)

SURA (Monthly) Kothi No. 12, BLOCK-1 BHAI RANDHIR SINGH NAGAR, LUDHIANA- 141004

www.AKJ.Org